੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ

# Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੧੩ ਜਿਲਦ ੩੧ ੧੮-੨੪ ਫਰਵਰੀ ੨੦੨੧, ੭-੧੩ ਫੱਗਣ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 13 Volume 31, 18-24 February 2021
Yearly Subscription India 250/-, Abroad 2500/- and Life Membership India 2500/-, Abroad 25000/-

ਸ਼ਹੀਦੀ ਸਾਕਾ ਨਨਕਾਣਾ ਸਾਹਿਬ ਵਿਸ਼ੇਸ਼ ਅੰਕ

## ਨਨਕਾਣਾ ਸਾਹਿਬ ਦੇ ਦੁਖਾਂਤ ਤੇ ਪਾਸ ਹੋਏ ਗੁਰਮਤੇ ਅਤੇ ਭਾਈ ਵੀਰ ਸਿੰਘ ਵੱਲੋਂ ਬੇਨਤੀ

ਜਿਸ ਵੇਲੇ 130 ਗੁਰੂ ਕੇ ਦੁਲਾਰਿਆਂ ਦਾ ਅੰਗੀਠਾ ਮੱਘ ਉਠਿਆ, ਜਿਸ ਵੇਲੇ ਪੰਜ ਪੁੱਤ੍ਰਾਂ ਤੇ ਇਕ ਪੋਤਰੇ ਦੀ ਮਾਂ ਜਿਸ ਦੇ ਲਾਲ ਸ਼ਹੀਦ ਹੋਏ ਸੇ ਕੋਲ ਬੈਠੀ ਸੀ, ਜਿਸ ਵੇਲੇ ਹੋਰ ਅਨੇਕਾਂ ਮਾਂਵਾਂ ਭੈਣਾਂ ਇਸਤਰੀਆਂ ਪਯਾਰਿਆਂ ਦੇ ਅੰਗੀਠੇ ਨੂੰ ਤੱਕ ਰਹੀਆਂ ਸਨ, ਜਿਸ ਵੇਲੇ 20-25 ਹਜ਼ਾਰ ਸਿੱਖ ਆਪਣੇ ਵੀਰਾਂ ਦੇ ਪਯਾਰ ਵਿਚ ਦ੍ਰਵ ਰਹੇ ਸਨ, ਉਸ ਵੇਲੇ ਜੋ ਤਜ਼ਵੀਜਾਂ ਗੁਰਮਤੇ ਇਕੱਤ੍ਰਤਾ ਨੇ ਪਾਸ ਕੀਤੀਆਂ ਉਨ੍ਹਾਂ ਦਾ ਸੰਖੇਪ ਭਾਵ ਜੋ ਉਸ ਵੇਲੇ ਸ੍ਰਵਣ ਹੋਇਆ ਇਸ ਪ੍ਰਕਾਰ ਹੈ।

1. ਪਹਲੀ ਗੱਲ ਉਨ੍ਹਾਂ ਸ਼ਹੀਦਾਂ ਦੀ ਆਤਮਾ ਦਾ ਕਲਿਯਾਣ ਹੋ, ਸ਼ਸਤ੍ਰ ਦੀ ਮੌਤ, ਰਣ ਦੀ ਮੌਤ, ਧਰਮ ਦੀ ਖਾਤਰ ਮੌਤ ਖਾਲਸੇ ਵਿਚ ਪ੍ਰਮਾਣਿਕ ਮੌਤ ਹੈ। ਪਰ ਕੌਮ ਦਾ ਉਨ੍ਹਾਂ ਨਾਲ ਪਯਾਰ ਤੇ ਉਨ੍ਹਾਂ ਦੇ ਸਖ਼ਤ ਕਸ਼ਟ ਤੇ ਖੇਦਾਂ ਨਾਲ ਪ੍ਰਾਣ ਤਿਯਾਗਣ ਦੀ ਵਿਥਿਆ ਕੌਮ ਲਈ ਜ਼ਰੂਰੀ ਕਰਦੀ ਹੈ ਕਿ ਉਨ੍ਹਾਂ ਲਈ ਪਾਠ ਭੋਗ ਅਰਦਾਸੇ ਹੋਣ, ਸੋ ਉਸ ਵੇਲੇ ਆਗਯਾ ਹੋਈ ਕਿ ਸਾਰੀ ਦੁਨੀਆ ਵਿਚ ਜਿੱਥੇ ਸਿੱਖ ਮੱਤ ਹੈ, ਸਾਰੇ ਗੁਰਦੁਵਾਰਿਆਂ, ਧਰਮਸ਼ਾਲਾਂ, ਅਖਾੜਿਆਂ, ਆਸ਼ਰਮਾਂ ਵਿਚ ਪਾਠ ਕੀਤੇ ਜਾਣ, ਜਿਨ੍ਹਾਂ ਦਾ ਭੋਗ ਇਕ ਦਿਨ ਇਕ ਵਕਤ ਪਵੇ ਤੇ ਸ਼ਹੀਦਾਂ ਲਈ ਅਰਦਾਸਾ ਸੋਧਿਆ ਜਾਵੇ, ਉਹ ਦਿਨ 14 ਚੇਤ੍ਰ ਸੰਮਤ 452 ਅਰਥਾਤ 5 ਅਪ੍ਰੈਲ 1921 ਨੂੰ ਹੋਵੇ, ਤੇ ਵਕਤ 8 ਵਜੇ ਸਵੇਰ ਦਾ ਹੋਵੇ। ਇਸ ਦਿਨ ਹਰ ਸਿੱਖ ਕਾਰ ਵਿਹਾਰ ਬੰਦ ਰੱਖੇ ਤੇ ਸਾਰਾ ਦਿਨ ਗੁਰਬਾਣੀ ਦੇ ਪਾਠ ਬੇਨਤੀ ਦਾਨ ਦਇਆ ਦੇ ਕੰਮਾਂ ਵਿਚ ਖਰਚ ਹੋਵੇ। ਇਹ ਤਾਂ ਸ਼ਹੀਦਾਂ ਦੇ ਪ੍ਰਲੋਕ ਵਿਚ ਆਤਮਾ ਦੇ ਸੁਖ, ਖ਼ੁਸ਼ੀ ਤੇ ਲਾਭ ਹਿੱਤ ਹੋਵੇ।



ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ

2. ਜਗਤ ਵਿਚ ਉਨ੍ਹਾਂ ਦੀ ਯਾਦਗਾਰ-ਅਗਲੇ ਸ਼ਹੀਦਾਂ ਵਾਂਗੂੰ ਉਨ੍ਹਾਂ ਦੀ ਯਾਦਗਾਰ ਕਾਯਮ ਰੱਖਣਾ ਖਾਲਸੇ ਦਾ ਇਤਹਾਸਕ ਫਰਜ਼ ਹੈ, ਤੇ ਕੌਮ ਵਿਚ ਬੀਰਤਾ ਦੀ ਕੀਰਤੀ ਦੀ ਲੜੀ ਨੂੰ ਅਟੁੱਟ ਰੱਖਣ ਵਾਸਤੇ ਤੇ ਜਿਨ੍ਹਾਂ ਧਰਮ ਪਿਛੇ ਸੀਸ ਦਿੱਤਾ, ਇਸ ਗੁਣ ਨੂੰ ਅਮਰ ਰੱਖਣ ਵਾਸਤੇ ਸ਼ਹੀਦਾਂ ਦੀ ਯਾਦਗੀਰੀ ਰੱਖਣ ਦੀ ਲੋੜ ਹੈ, ਇਸ ਲਈ ਇਹ ਤਜਵੀਜ਼ ਪਾਸ ਹੋਈ ਹੈ ਕਿ ਇਸੇ ਥਾਂ ਸੁੰਦਰ ਸ਼ਹੀਦ ਗੰਜ ਬਨਯਾ ਜਾਵੇ। ਇਸ ਦਾ ਪ੍ਰਬੰਧ ਸ਼ਿਰੋਮਣੀ ਗੁਰਦੁਵਾਰਾ ਕਮੇਟੀ ਕਰੇ।

ਅੰਦਰ............


- ☐ ਭਾਈ ਲਛਮਣ ਸਿੰਘ ਧਾਰੋਵਾਲੀ 3
- ☐ ਕਵਿਤਾ: ਸ਼ਹੀਦੀ ਸਾਕਾ 4
- ☐ ਨਨਕਾਣਾ ਸਾਹਿਬ ਵਿਖੇ ਸਿੰਘਾਂ ਦੀਆਂ ਸ਼ਹਾਦਤਾਂ 5
- ☐ The Nankana Sahib Massacre 7
- ☐ The Nankana Tragedy and its Aftermath 9
- ☐ ਖ਼ਬਰ-ਸਾਰ 12

ਇਹ ਤਜਵੀਜ਼ ਵੀ ਪਾਸ ਹੋਈ ਕਿ ਕਰਤਾਰ ਸਿੰਘ ਨੂੰ ਸਮੂਹ ਪੰਥ ਵਿਚੋਂ ਅੱਡ ਸਮਝਿਆ ਜਾਵੇ, ਤੇ ਤਖ਼ਤ ਸਹਿਬਾਨ ਨੂੰ ਬੇਨਤੀ ਕੀਤੀ ਜਾਵੇ ਕਿ ਇਨ੍ਹਾਂ ਦਾ ਅਰਦਾਸਾ ਨਾ ਕਰਨ, ਕੋਈ ਸਿੱਖ ਇਨ੍ਹਾਂ ਨਾਲ ਕਿਸੇ ਤਰ੍ਹਾਂ ਦੀ ਵਰਤੋਂ ਨਾ ਕਰੇ।

3. ਗੁਰਦੁਵਾਰੇ ਦੇ ਮਹੰਤ ਵੱਲੋਂ ਜੋ ਪਹਲਾਂ ਤਯਾਰੀ ਸੀ ਤੇ ਹੋਰ ਮਾਮਲਾਤ ਜੋ ਸੁਭਾ ਪਾਂਦੇ ਹਨ ਕਿ ਉਸ ਦੀ ਤਯਾਰੀ ਦੀਆਂ ਖ਼ਬਰਾਂ ਨਿਕਲ ਰਹੀਆਂ ਸਨ, ਤੇ ਇਨ੍ਹਾਂ ਦੀ ਰੋਕ ਦਾ ਪ੍ਰਬੰਧ ਪੈਹਲੇ ਨਹੀਂ ਹੋਯਾ, ਇਹ ਸੰਗਤ ਵਿਚ ਬੇਚੈਨੀ ਪਾ ਰਹੀਆਂ, ਜਿਸਦੇ ਉਧਾਰ ਲਈ ਸਰਕਾਰ ਵੱਲੋਂ ਮਾਮਲੇ ਦੀ ਖੋਜ ਹੋਵੇ ਤੇ ਰੌਸ਼ਨੀ ਪਾਈ ਜਾਵੇ ਤੇ ਪਤਾ ਚਲਣ ਤੇ ਦੋਸ਼ੀਆਂ ਦਾ ਪ੍ਰਬੰਧ ਕੀਤਾ ਜਾਵੇ, ਤੇ ਇਹ ਸਾਰੇ ਰੈਜ਼ੋਲਯੂਸ਼ਨ ਅਖ਼ਬਾਰਾਂ ਵਿਚ ਛਪਨ ਤੇ ਸਰਕਾਰੇ ਘੱਲੇ ਜਾਣ।

## ਸਾਡੀ ਇਕ ਬੇਨਤੀ

ਉੱਪਰ ਲਿਖੇ ਉਸ ਸ਼ਹੀਦਾਂ ਦੇ ਦਾਹ ਸਮੇਂ ਦੀਆਂ ਪਾਸ ਹੋਈਆਂ ਤਜਵੀਜ਼ਾਂ ਆਪਨੇ ਵਾਚ ਲਈਆਂ ਹਨ। ਸਾਡੀ ਇਕ ਹੋਰ ਬਿਨੈ ਗੁਰੂ ਪੰਥ ਅੱਗੇ ਹੈ ਉਹ ਇਹ ਕਿ ਸ਼ਹੀਦ ਹੋਏ ਸਿੰਘਾਂ ਦੇ ਨਾਮ-ਪਤੇ ਸ਼ਹੀਦ ਗੰਜ ਵਿਚ ਜ਼ਰੂਰ ਪੱਥਰ ਤੇ ਲਿਖ ਕੇ ਲਾਏ ਜਾਣ। ਅੱਗੇ ਸਾਡੇ ਅਨੇਕਾਂ ਸ਼ਹੀਦ ਗੰਜ, ਡੇਰੇ, ਸਮਾਧਾਂ ਨਾਮ-ਪਤੇ ਨਾ ਹੋਣ ਕਰਕੇ ਬੇਥਵੇ ਬਣਨ ਵੱਲ ਜਾ ਰਹੀਆਂ ਹਨ ਤੇ ਅਨੇਕਾਂ ਗੁੰਮ ਹੋ ਗਈਆਂ ਹਨ। ਰਾਮਸਰ ਦੇ ਬਾਹਰ ਇਕ ਸਮਾਧ ਢੈ ਢੇਰੀ ਹੋ ਚੁੱਕੀ ਹੈ। ਜਲਯਾਂ ਵਾਲੇ ਕਰਕੇ ਇਕ

ਬਾਕੀ ਪੰਨਾ 6 'ਤੇ



ਸ਼ਹੀਦੀ ਜੰਡ, ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ
ਫੋਟੋਕਾਰ: ਤਾਹਿਰ ਇਕਬਾਲ

## ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ

ਜ਼ਬਰ ਜ਼ੁਲਮ ਦੀ ਜ਼ਾਲਮਾਂ ਨੇ ਹੱਦ ਮੁਕਾਈ,
ਹੋਏ ਪਿਆਸੇ ਖ਼ੂਨ ਦੇ ਬਈ ਭਾਈ ਭਾਈ।
ਕੀਤੀ ਇਲਤ ਫ਼ਿਰੰਗੀਆਂ ਕੀ ਵਰਤਿਆ ਭਾਣਾ,
ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ।

ਤੂੰ ਹਿੰਦੂ ਤੇ ਮੁਸਲਮਾਨ ਸੀ ਹਿੱਕ ਨਾਲ ਲਾਉਂਦਾ,
ਇੱਕੋ ਰਾਮ ਰਹੀਮ ਨੇ ਗੱਲ ਬਹਿ ਸਮਝਾਉਂਦਾ।
ਰਸਤੇ ਵੱਖੋ ਵੱਖਰੇ ਪਰ ਇੱਕ ਟਿਕਾਣਾ,
ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ।

ਇੱਥੇ ਬਾਬਾ ਵਰਤੀਆਂ ਬੜੀਆਂ ਤਕਦੀਰਾਂ,
ਧਰਤੀ ਘੁੱਪ ਪੰਜਾਬ ਦੀ ਹੋਈ ਫੱਟ ਕੇ ਲੀਰਾਂ।
ਭਾਂਡਾ ਟੀਂਡਾ ਵੰਡ ਕੇ ਬਹਿ ਗਿਆ ਘਰਾਣਾ,
ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ।

ਇੱਥੇ ਭਾਈ ਬਣ ਗਏ ਨੇ ਭਾਈਆਂ ਦੇ ਵੈਰੀ,
ਕੌਡੇ ਰਾਕਸ਼ਸ਼ ਜੰਮ ਪਏ ਕਈ ਵਲ਼ੀ ਕੰਧਾਰੀ।
ਚੋਰਾਂ ਨੇ ਗੱਲ ਪਾ ਲਿਆ ਸਾਧਾਂ ਦਾ ਬਾਣਾ,
ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ।

ਪਾਣੀ ਵੰਡ ਲਏ ਜ਼ਾਲਮਾਂ ਧਰਤੀ ਮਾਂ ਰੋਈ,
ਅੱਖੀਂ ਆ ਕੇ ਤੱਕ ਲੈ ਦੁਨੀਆਂ ਅੱਧਮੋਈ।
ਛੱਡ 'ਸਵਰਨ' ਆਖਦਾ ਸਿਵਿਆਂ ਮਰ ਜਾਣਾ,
ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ।

**-ਸਵਰਨ ਸਿਵਿਆ**

## ਨਾਨਕ ਦੇ ਜੰਡਿਆ

ਨਾਨਕ ਦੇ ਜੰਡਿਆ*
ਤੂੰ ਵੇਖ ਰਿਹੈਂ
ਤੈਨੂੰ ਕਿੰਨੀ ਦੂਰੋਂ ਮਿਲਣ ਮੈਂ ਆਈ
ਰੋਂਦਾ ਕਿਉਂ ਐਂ?

ਤੂੰ ਜਾਣਦੀ ਨਹੀਂ, ਹੱਥ ਲਾ ਵੇਖ
ਸੇਕ ਹੈ ਸਿੰਮਦਾ ਲੂੰ ਲੂੰ ਵਿੱਚੋਂ
ਉਨ੍ਹਾਂ ਦਾ ਜਿਹੜੇ ਨਾਲ ਮੇਰੇ ਬੰਨ੍ਹ
ਸਾੜ ਦਿੱਤੇ, ਫਾਹੇ ਲਾਏ

ਦੂਜੇ ਪਾਸਿਓਂ ਤੇ ਤੂੰ ਹਰਿਆ ਐਂ
ਮੁਸਕਾਂਦਾ ਐਂ

ਤੇਰਾ ਹੱਥ ਜੋ ਲੱਗਿਆ, ਹਰਿਆ ਹੋਇਆ
ਤੈਨੂੰ ਮਿਲਣ ਜੋ ਦੂਰੋਂ ਆਈ

**- ਸਮੀਨਾ ਅਸਮਾ**

* ਨਨਕਾਣਾ ਸਾਹਿਬ ਗੁਰਦੁਆਰੇ ਵਿਚ ਸ਼ਹੀਦੀ ਜੰਡ, ਜਿਸ ਨਾਲ਼ 20 ਫ਼ਰਵਰੀ ਸੰਨ 1921 ਵਾਲ਼ੇ ਦਿਨ ਮਹੰਤ ਨਾਰਾਇਣ ਦਾਸ ਦੇ ਗੁਰਗਿਆਂ ਨੇ ਨਿਹੱਥੇ ਤੇ ਨਿਰਦੋਸ਼ ਸਿੰਘਾਂ ਨੂੰ ਬੰਨ੍ਹ ਕੇ ਤੇ ਸਾੜ ਦਿੱਤਾ ਸੀ।

-ਇਹ ਕਵਿਤਾ ਤੇ ਉਪਰਲੀ ਤਸਵੀਰ ਅਮਰਜੀਤ ਚੰਦਨ ਰਾਹੀਂ ਪ੍ਰਾਪਤ ਹੋਈ ਹੈ।

# ਨਨਕਾਣਾ ਸਾਹਿਬ ਸ਼ਹੀਦੀ ਜੱਥੇ ਦੇ ਮੁਖੀ ਭਾਈ ਲਛਮਣ ਸਿੰਘ ਧਾਰੋਵਾਲੀ



ਸ਼ਹੀਦੀ ਜੱਥੇ ਦੇ ਮੁਖੀ ਭਾਈ ਲਛਮਣ ਸਿੰਘ ਧਾਰੋਵਾਲੀ ਨਨਕਾਣਾ ਸਾਹਿਬ ਲਈ ਚਾਲੇ ਪਾਉਣ ਤੋਂ ਪਹਿਲਾਂ ਅਰਦਾਸ ਕਰਦੇ ਹੋਏ। (ਇਕ ਕਲਪਿਤ ਤਸਵੀਰ)

ਸਿੱਖ ਕੌਮ ਦਾ ਸ਼ਾਨਾਂਮੱਤਾ ਇਤਿਹਾਸ ਸ਼ਹਾਦਤਾਂ ਦਾ ਮੁਜੱਸਮਾ ਹੈ। ਸਿੱਖੀ ਦੇ ਜਿਸ ਬੂਟੇ ਨੂੰ ਗੁਰੂ ਨਾਨਕ ਦੇਵ ਜੀ ਨੇ ਲਾਇਆ ਉਸ ਨੂੰ ਬਾਅਦ ਦੇ ਗੁਰੂ ਸਾਹਿਬਾਨਾਂ ਅਤੇ ਗੁਰਸਿੱਖਾਂ ਨੇ ਲਾਸਾਨੀ ਕੁਰਬਾਨੀਆਂ ਸਦਕਾ ਅਪਣੇ ਲਹੂ ਨਾਲ ਸਿੰਜਿਆ ਹੈ। ਕੁਰਬਾਨੀਆਂ ਦੀ ਇਸ ਲੰਮੀ ਪਰੰਪਰਾ ਵਿਚ ਜਦੋਂ ਅਸੀਂ ਸਾਕਾ ਨਨਕਾਣਾ ਸਾਹਿਬ ਦਾ ਇਤਿਹਾਸ ਫਰੋਲਦੇ ਹਾਂ ਤਾਂ ਇਤਿਹਾਸ ਦੀ ਕੁੱਖ ਵਿਚੋਂ ਭਾਈ ਲਛਮਣ ਸਿੰਘ ਜਥੇਦਾਰ ਇਕ ਮਹਾਨ ਸ਼ਖ਼ਸੀਅਤ ਵਜੋਂ ਉਭਰਦੇ ਹਨ। ਭਾਈ ਲਛਮਣ ਸਿੰਘ ਦਾ ਜਨਮ 31 ਅਗਸਤ 1885 ਈ. ਨੂੰ ਪਿੰਡ ਧਾਰੋਵਾਲੀ, ਜ਼ਿਲ੍ਹਾ ਗੁਰਦਾਸਪੁਰ ਦੇ ਇਕ ਉੱਘੇ ਸਿੱਖ ਘਰਾਣੇ ਵਿਚ ਹੋਇਆ। ਆਪ ਦੇ ਪਿਤਾ ਭਾਈ ਮੇਹਰ ਸਿੰਘ ਅਤੇ ਮਾਤਾ ਹਰ ਕੌਰ ਜੀ ਸਨ। ਆਪ ਦੇ ਪਿਤਾ ਜੀ ਮਹਾਰਾਜਾ ਨੌਨਿਹਾਲ ਸਿੰਘ ਦੀ ਸੂਰਜਮੁਖੀ ਫ਼ੌਜ ਵਿਚ ਸਿਪਾਹੀ ਸਨ। ਅੰਗਰੇਜ਼ਾਂ ਨੇ ਸਮਾਂ ਪੈਣ 'ਤੇ ਇਸ ਪਲਟਨ ਨੂੰ ਤੋੜ ਕੇ ਪੁਲਿਸ ਬਲ ਵਿਚ ਤਬਦੀਲ ਕਰ ਦਿੱਤਾ। ਆਪ ਜੀ ਦੇ ਪਿਤਾ ਨੇ ਇੱਥੇ ਈਮਾਨਦਾਰੀ ਨਾਲ ਨੌਕਰੀ ਕੀਤੀ ਜਿਸ ਦੇ ਫ਼ਲਸਰੂਪ ਉਹਨਾਂ ਨੂੰ ਸੇਵਾ-ਮੁਕਤ ਹੋਣ ਉਪਰੰਤ ਚੱਕ ਨੰਬਰ 33, ਧਾਰੋਵਾਲੀ ਵਿਖੇ 6 ਮੁਰੱਬੇ ਜ਼ਮੀਨ ਮਿਲੀ। ਇੱਥੇ ਆਉਂਦਿਆਂ ਸਾਰ ਘਰ ਬਣਾਉਣ ਤੋਂ ਪਹਿਲਾਂ ਆਪ ਦੇ ਪਿਤਾ ਨੇ ਗੁਰੂ ਘਰ ਬਣਾਇਆ। ਇਸ ਤਰ੍ਹਾਂ ਦੇ ਗੁਰਮਤਿ ਮਰਿਆਦਾ ਵਾਲੇ ਪਰਿਵਾਰ ਵਿਚ ਆਪ ਦੀ ਪ੍ਰਵਰਿਸ਼ ਹੋਈ।

ਗੁਰਸਿੱਖ ਸੰਸਕਾਰਾਂ ਵਿਚ ਵਿਚਰਨ ਸਦਕਾ ਆਪ ਦਾ ਆਚਰਨ ਭਜਨ-ਬੰਦਗੀ ਵਾਲੇ ਪੁਰਸ਼ ਵਜੋਂ ਉਭਰਨ ਲੱਗਾ। ਆਪ ਨੇ ਸੰਤ ਅਰਜਨ ਸਿੰਘ ਨਿਰਮਲੇ ਕੋਲੋਂ ਗੁਰਮੁਖੀ ਦਾ ਸਬਕ ਸਿੱਖਿਆ। ਕਿਹਾ ਜਾਂਦਾ ਹੈ ਕਿ ਬਚਪਨ ਵਿਚ ਆਪ ਨੇ ਉੱਡਣੇ ਸੱਪ ਨੂੰ ਮਾਰਿਆ ਤੇ ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਕੁਸ਼ਤੀ ਦੇ ਅਖਾੜਿਆਂ ਵਿਚ ਜ਼ੋਰ-ਅਜ਼ਮਾਇਸ਼ ਕੀਤੀ। ਇਲਾਕੇ ਵਿਚ ਆਪ ਨੂੰ ਪਿੱਛਲ ਪੈਰੀਂ ਦੌੜਨ ਤੇ ਘੋੜ ਸਵਾਰੀ ਦਾ ਮਾਹਿਰ ਮੰਨਿਆ ਜਾਂਦਾ ਸੀ। ਬੰਡਾਲਾ ਚੱਕ ਨੰਬਰ 64 ਦੇ ਭਾਈ ਬੁੱਧ ਸਿੰਘ ਦੀ ਸਪੁੱਤਰੀ ਬੀਬੀ ਇੰਦਰ ਕੌਰ ਨਾਲ ਆਪ ਦਾ ਅਨੰਦ-ਕਾਰਜ ਸੰਪੰਨ ਹੋਇਆ। ਵਿਆਹ ਤੋਂ ਲਗਭਗ ਛੇ ਵਰ੍ਹਿਆਂ ਬਾਅਦ ਆਪ ਦੇ ਘਰ ਪੁੱਤਰ ਦੀ ਦਾਤ ਆਈ ਪ੍ਰੰਤੂ ਵਾਹਿਗੁਰੂ ਦੇ ਭਾਣੇ ਕਾਰਨ ਭੁਝੰਗੀ ਅੱਠ ਮਹੀਨਿਆਂ ਦੀ ਬਹੁਤ ਛੋਟੀ ਉਮਰ ਵਿਚ ਹੀ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਿਆ ਤੇ ਇਸ ਤੋਂ ਬਾਅਦ ਆਪ ਦਾ ਘਰ ਔਲਾਦ ਬਿਨਾਂ ਸੁੰਨਾ ਹੀ ਰਿਹਾ। ਆਪ ਨੇ ਆਪਣੇ ਜੀਵਨ ਵਿਚ ਬਜਾਜੀ, ਘੋੜਿਆਂ, ਊਠਾਂ ਤੇ ਕਪਾਹ ਦੀ ਖ਼ਰੀਦ ਆਦਿ ਦੇ ਕਈ ਧੰਦੇ ਅਪਣਾਏ ਪ੍ਰੰਤੂ ਕਿਸੇ 'ਚ ਵੀ ਤਸੱਲੀਯੋਗ ਲਾਭ ਪ੍ਰਾਪਤ ਨਹੀਂ ਹੋਇਆ। ਸਗੋਂ ਜੋ ਵੀ ਆਪ ਪਾਸ ਥੋੜੀ-ਬਹੁਤ ਪੂੰਜੀ ਸੀ ਉਹ ਵੀ ਧਰਮ ਅਰਥ ਲੇਖੇ ਲਾ ਦਿੱਤੀ। ਇਸ ਤੋਂ ਬਾਅਦ ਆਪ ਪੂਰਨ ਤੌਰ 'ਤੇ ਪੰਥਕ ਸੇਵਾ ਦੇ ਪਿੜ ਵਿਚ ਨਿੱਤਰ ਪਏ ਤੇ ਫਿਰ ਆਪ ਨੇ ਕਦੇ ਪਿੱਛੇ ਮੁੜਕੇ ਨਹੀਂ ਦੇਖਿਆ। ਆਪ ਦੀ ਸਰਪ੍ਰਸਤੀ ਹੇਠ ਸਮਾਜ ਵੱਲੋਂ ਪਰਤਾੜਿਤ ਔਰਤਾਂ ਦੀ ਸੁਰੱਖਿਆ ਵਜੋਂ ਯਤੀਮ ਵਿਧਵਾਵਾਂ ਅਤੇ ਅਛੂਤਾਂ ਦੀਆਂ ਬੀਬੀਆਂ ਲਈ 'ਖਾਲਸਾ ਭੁਝੰਗਣ ਆਸ਼ਰਮ' ਖੋਲ੍ਹਿਆ ਗਿਆ। ਆਪ ਨੇ ਸਿੱਖ ਇਸਤਰੀ ਕਾਨਫਰੰਸ ਕਰਵਾਈ। ਜ਼ਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਤੇ ਉਸ ਤੋਂ ਬਾਅਦ ਲੱਗੇ ਮਾਰਸ਼ਲ ਲਾਅ ਨੇ ਆਪ ਦੇ ਮਨ ਨੂੰ ਕੁਰੇਦ ਕੇ ਰੱਖ ਦਿੱਤਾ ਜਿਸ ਸਦਕਾ ਆਪ ਨੇ ਦੇਸ਼ ਦੀ ਅਜ਼ਾਦੀ ਅਤੇ ਗੁਰਦੁਆਰਿਆਂ ਦੇ ਸੁਧਾਰ ਨੂੰ ਮੁੱਖ ਰੱਖਦਿਆਂ ਆਪਣੇ ਪਿੰਡ ਧਾਰੋਵਾਲੀ ਵਿਖੇ 1-3 ਅਕਤੂਬਰ, 1920 ਈ. ਨੂੰ ਰਾਜਨੀਤਿਕ ਜਲਸਾ ਕੀਤਾ। ਇਸ ਜਲਸੇ ਵਿਚ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਦੀਆਂ ਕਰਤੂਤਾਂ ਦਾ ਪਰਦਾਫ਼ਾਸ਼ ਕਰਕੇ ਸੰਗਤ ਸਾਹਮਣੇ ਅਸਲ ਸੱਚਾਈ ਲਿਆਂਦੀ ਗਈ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਮਹੰਤ ਕਿਰਦਾਰ ਦਾ ਨੀਵਾਂ ਤੇ ਅਤਿਆਚਾਰੀ ਸੀ ਜਿਸ ਦੀਆਂ ਕਾਲੀਆਂ ਕਰਤੂਤਾਂ ਤੋਂ ਸੰਗਤ ਬੇਹੱਦ ਪਰੇਸ਼ਾਨ ਸੀ। ਨਵੰਬਰ 1920 ਈ. ਵਿਚ ਨਨਕਾਣਾ ਸਾਹਿਬ ਵਿਖੇ ਪੂਰਨਮਾਸ਼ੀ ਦੇ ਮੇਲੇ ਵਿਚ ਆਪ ਨੇ ਬੜਾ ਭਾਰੀ ਦੀਵਾਨ ਸਜਾਇਆ ਤੇ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ 'ਚੋਂ ਆਜ਼ਾਦ ਕਰਵਾਉਣ ਲਈ ਬੇਬਾਕੀ ਨਾਲ ਖੁੱਲ੍ਹਾ ਪ੍ਰਚਾਰ ਕੀਤਾ ਤੇ ਸੰਘਰਸ਼ ਲਈ ਸਿੰਘਾਂ ਦੇ ਜੱਥੇ ਕਾਇਮ ਕਰਨੇ ਸ਼ੁਰੂ ਕਰ ਦਿੱਤੇ। ਆਪ ਦੀ ਅਗੁਵਾਈ ਹੇਠ ਪਿੰਡਾਂ ਵਿਚ ਸੰਗਤ ਲਾਮਬੰਦ ਹੋਣ ਲੱਗੀ ਤੇ ਗੁਰਦੁਆਰਾ ਸੁਧਾਰ ਲਹਿਰ ਨੇ ਗਤੀ ਫੜ੍ਹ ਲਈ।

20 ਫ਼ਰਵਰੀ 1921 ਈ. ਨੂੰ ਇਕ ਜੱਥਾ ਭਾਈ ਲਛਮਣ ਸਿੰਘ ਧਾਰੋਵਾਲੀਏ ਦੀ ਅਗਵਾਈ ਹੇਠ ਨਨਕਾਣਾ ਸਾਹਿਬ ਪਹੁੰਚਿਆ। ਗੁਰਦੁਆਰਾ ਸਾਹਿਬ ਪਹੁੰਚ ਕੇ ਜੱਥੇ ਨੇ ਗੁਰੂ ਕੇ ਹਜ਼ੂਰ ਅਰਦਾਸ ਕੀਤੀ। ਗੁਰਦੁਆਰਾ ਸਾਹਿਬ ਦੇ ਮਹੰਤ ਨਰੈਣ ਦਾਸ ਨੂੰ ਜੱਥੇ ਦੇ ਆਗਮਨ ਬਾਰੇ ਪਤਾ ਲੱਗਾ ਤਾਂ ਉਸ ਨੇ ਚੌਕਸੀ ਨਾਲ ਵੱਡੀ ਡਿਉਢੀ ਦਾ ਲੋਹੇ ਦਾ ਦਰਵਾਜ਼ਾ ਬੰਦ ਕਰ ਲਿਆ ਤੇ ਮਹੰਤ ਦੇ ਬਦਮਾਸ਼ਾਂ ਨੇ ਛੱਤ ਉੱਤੋਂ ਜੱਥੇ 'ਤੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ।

ਬਾਕੀ ਪੰਨਾ 6 'ਤੇ

# ਸ਼ਹੀਦੀ ਸਾਕਾ ਨਨਕਾਣਾ ਸਾਹਿਬ

❖ ਭਾਈ ਵੀਰ ਸਿੰਘ

1.
ਹਾਏ ਤੱਤਿਆਂ ਨੇ ਕਹਿਰ ਕਮਾ ਲਿਆ
ਦਰਸ਼ਨ ਆਇਆਂ ਨੂੰ ਬੂਹਾ ਲਗਾ ਲਿਆ
ਸ਼ੇਰਾਂ ਬਗਿਆਂ ਨੂੰ ਪਿੰਜ੍ਰੇ ਪਾ ਲਿਆ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਹੇ ਲੋਹੇ ਸਾਰ ਦੀ।

2.
ਸਾਧ ਸ਼ੀਹ ਹੋਏ ਫੁੰਕਾਰਦੇ
ਸ਼ੇਰ ਖੜੇ ਜੋ ਸਿਦਕ ਨਾ ਹਾਰਦੇ
ਖਾਣ ਗੋਲੀ ਨ ਰੋੜਾ ਉਲਾਰਦੇ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

3.
ਕੋਈ ਭੱਠ ਤਪੇ ਘੁੰਮਿਆਰ ਦਾ
ਪਾਪੀ ਸ਼ੇਰਾਂ ਨੂੰ ਵਿਚ ਪਟਕਾਰਦਾ
ਸ਼ੇਰ ਸੜਦਾ ਅਰ ਸੀਂ ਨਾ ਉਚਾਰਦਾ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

4.
ਏ ਨਾ ਭੱਠ ਸੀ ਸ਼ਮ੍ਹਾ ਸੀ ਪ੍ਰੇਮ ਵਾਲੀ
ਇਸ਼ਕ ਕੁੱਠਿਆਂ ਪ੍ਰਵਾਨਿਆਂ ਦੇਹ ਜਾਲੀ
ਲਾਲ ਭੱਠ ਨੂੰ ਚਾੜ੍ਹਦੀ ਪ੍ਰੇਮ ਲਾਲੀ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰਦੀ ਲੋਹੇ ਸਾਰ ਦੀ।

5.
ਮੰਦਰੋਂ ਬਾਹਰ ਏ ਕਹਿਰ ਕਮਾਂਵਦਾ
ਪਾਪੀ ਅੰਦਰ ਭੀ ਕਟਕ ਮਚਾਂਵਦਾ
ਐਪਰ ਸ਼ੇਰ ਨਾ ਪਿਠ ਦਿਖਾਂਵਦਾ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

6.
ਇਕ ਪਾਸਿਓਂ ਸੂਤੀ ਤਲਵਾਰ ਹੋਵੇ
ਦੂਜਿਓਂ ਝੁਕੀ ਗਰਦਨ ਤਯਾਰ ਹੋਵੇ
ਏਸ ਨਕਸ਼ੇ ਦਾ ਅੱਜ ਦੀਦਾਰ ਹੋਵੇ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

7.
ਗੋਲੀ ਆਵੇ ਤਾਂ ਛਾਤੀ ਉਚਿਆਂਉਂਦਾ
ਛਵ੍ਹੀ ਉਲਰੇ ਤਾ ਧੌਣ ਨਿਵਾਂਉਂਦਾ
ਗਲੇ ਮੌਤ ਨੂੰ ਹੱਸ ਹੱਸ ਲਾਉਂਦਾ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ

8.
ਪਾਪੀ ਤੇਲ ਦਾ ਕੁੰਡ ਤਪਾਉਂਦਾ
'ਹੂਤੀ ਸ਼ੇਰਾਂ ਦੀ ਚੁਕ ਚੁਕ ਪਾਉਂਦਾ
ਸ਼ੇਰ ਹੱਸਦਾ ਬਲੀ ਹੋਈ ਜਾਉਂਦਾ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

9.
ਦੇ ਦੇ ਚੂਰੀਆਂ ਜਿਨ੍ਹਾਂ ਨੇ ਪਾਲਿਆ ਸੀ
ਦੇ ਦੇ ਦੌਲਤਾਂ ਜਿਨ੍ਹਾਂ ਨੇ ਮਾਲਿਆ ਸੀ
ਉਨ੍ਹਾਂ ਦਾਤਿਆਂ ਨੂੰ ਪਾਪੀ ਘਾਲਿਆ ਸੀ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

10.
ਨੂਰ ਉਤਰਿਆ ਸੀ ਜੇੜ੍ਹੇਂ ਥਾਉਂ ਭਾਈ
ਧੂੰਆਂ ਧਾਰ ਗੋਲੀ ਉਸ ਥਾਉਂ ਆਈ
ਸ਼ੇਰ ਭਜਨ ਕਰਦਾ ਮਾਰ ਸਟਿਆ ਈ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

11.
ਡੰਝ ਜ਼ੁਲਮ ਦੀ ਅਜੇ ਨ ਬੁਝੀ ਹਾਇ ਹਾਇ
ਗੋਲੀ ਗੁਰੂ ਦੇ ਸੀਨੇ ਬੀ ਚੁਭੀ ਹਾਇ ਹਾਇ
ਸਿਖ ਮਰਨ ਤਾਂ ਗੁਰੂ ਕਿਉਂ ਲੁਕੇ ਵਾਹ ਵਾਹ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

12.
ਪਿਆਰ ਗੁਰੂ ਦਾ ਖਾਲਸਾ ਵੇਖ ਜਾਈਂ
ਜਦੋਂ ਸਿੱਖਾਂ ਤੇ ਕਸ਼ਟਣੀ ਕਹਿਰ ਆਈ
ਗੁਰੂ ਵਿਚ ਆ ਕੇ ਗੋਲੀ ਖਾਵੰਦਾ ਈ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

13.
ਜ਼ਯਾਫ਼ਤ ਅੱਗ ਦੀ ਖਾਲਸਾ ਅੱਜ ਛਕੇ
ਗੁਰੂ ਵਿਚ ਆਯਾ ਪਿਛੇ ਨਹੀਂ ਝਕੇ
ਛਕੇ ਗੋਲੀਆਂ ਪੁਤ੍ਰਾਂ ਨਾਲ ਸਜਕੇ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

14.
ਆਖੇ ਪੁੱਤਰਾਂ ਦੇ ਅੰਗ ਸੰਗ ਮੈਂ ਹਾਂ
ਵਰਤਾਂ ਵਿਚ ਸੰਗਤ ਹਰ ਰੰਗ ਮੈਂ ਹਾਂ
ਵਾਧ ਘਾਟ ਨਾਲੇ ਸੁਲ੍ਹਾ ਜੰਗ ਮੈਂ ਹਾਂ,
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

15.
ਫੇਰ ਆਖਦਾ ਪੰਥ ਨੂੰ ਬਚਿਓ ਓਇ
ਕਹਿਰ ਝਲ ਨ ਕਹਿਰ ਕਮਾਵਿਓ ਓਇ
ਤਾਬ ਝਲਣੇ ਦੀ ਹੁਣ ਦਸ ਦਿਓ ਓਇ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

16.
ਲੋਕੀ ਪੁਛਦੇ ਸ਼ੇਰ ਕਿਉਂ ਮਾਰ ਖਾਧੀ
ਜੋਧਾ ਬਲੀ ਹੋ ਕੇ ਕਾਹਨੂੰ ਮੋਨ ਸਾਧੀ
ਜਿੰਦ ਮੁਫ਼ਤ ਦਿਤੀ, ਸੀਗੀ ਲੋੜ ਕਾਹਦੀ?
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

17.
ਏਹ ਤਾਂ ਸ਼ੇਰ ਪੰਧਾਊ ਗੁਰ ਗਲੀ ਦੇ ਸਨ
ਪ੍ਰੇਮ ਖੇਲ ਦੇ ਚਾਉ ਦੇ ਭਰੇ ਏਹ ਸਨ
ਸਿਰ ਧਰ ਤਲੀ ਜਾਣਾ ਨੇਮ ਪ੍ਰੇਮ ਦੇ ਹਨ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

18.
ਮਾਰ ਸ਼ੇਰ ਖਾਧੀ ਏਸ ਲਈ ਲੋਕੋ
ਜਿੰਦਾਂ ਦਿੱਤੀਆਂ ਜਿੰਦ ਨ ਲਈ ਲੋਕੋ
ਸ਼ਾਨ ਧਰਮ ਦੀ ਰੱਖ ਦਿਖਾਈ ਲੋਕੋ।
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

19.
ਜਿੰਦ ਧਰਮ ਖ਼ਾਤਰ ਦੇਣੀ ਦਸ ਗਏ ਜੇ
ਮੈਤ੍ਰੀ ਨਾਲ ਰਹਿਣਾ ਕੂਕ ਦਸ ਗਏ ਜੇ
ਡੈਣ ਫੁਟ ਦੇ ਡੰਗ ਨੂੰ ਡਸ ਗਏ ਜੇ
ਗੋਲੀ ਵਰਸਦੀ ਸ਼ੂਕਰਾਂ ਮਾਰਦੀ
ਉਤੋਂ ਮਾਰ ਕਰੇ ਲੋਹੇ ਸਾਰ ਦੀ।

-ਪੁਸਤਕ, **ਅਰਸ਼ੀ ਛੁਹ** 'ਚੋਂ

# ਨਨਕਾਣਾ ਸਾਹਿਬ ਵਿਖੇ ਸਿੰਘਾਂ ਦੀਆਂ ਸ਼ਹਾਦਤਾਂ

❖ ਡਾ. ਜੋਗਿੰਦਰ ਸਿੰਘ*


ਸ਼ਹੀਦੀ ਅੰਗੀਠਾ ਜਿੱਥੇ ਸ਼ਹੀਦਾਂ ਦੀਆਂ ਦੇਹਾਂ ਦਾ ਸਮੂਹਿਕ ਸਸਕਾਰ ਕੀਤਾ ਗਿਆ।

ਨਨਕਾਣਾ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਜਨਮ-ਅਸਥਾਨ; ਪਾਕਿਸਤਾਨ ਦੇ ਜ਼ਿਲ੍ਹੇ (ਸ਼ੇਖੂਪੁਰਾ) ਦਾ ਕਸਬਾ ਹੈ। ਪੰਦਰਵੀਂ ਸਦੀ ਵਿਚ ਇਸ ਕਸਬੇ ਨੂੰ ਤਲਵੰਡੀ ਰਾਇ ਭੋਇ ਜਾਂ ਰਾਇ ਭੋਇ ਕੀ ਤਲਵੰਡੀ ਕਿਹਾ ਜਾਂਦਾ ਸੀ। ਜਦੋਂ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਬਾਬਾ ਲਖਮੀ ਦਾਸ (1497-1555) ਜਾਂ ਪੋਤਰੇ ਬਾਬਾ ਧਰਮ ਦਾਸ (1523-1618) ਨੇ ਕੋਠਾ ਛੱਤਿਆ ਤਾਂ ਉਸ ਵੇਲੇ ਇਸ ਸਥਾਨ ਨੂੰ ਕਾਲੂ ਕਾ ਕੋਠਾ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਦੇ ਪਿਤਾ ਦਾ ਨਾਮ ਮਹਿਤਾ ਕਾਲੂ ਸੀ। ਬਾਅਦ ਵਿਚ ਇਸ ਜਨਮ-ਅਸਥਾਨ ਨੂੰ ਨਨਕਿਆਣਾ ਕਿਹਾ ਜਾਣ ਲੱਗ ਪਿਆ। ਮੌਜੂਦਾ 'ਗੁਰਦੁਆਰਾ ਜਨਮ-ਅਸਥਾਨ' ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ (1780-1839) ਦੇ ਰਾਜਕਾਲ ਵਿਚ ਕੀਤੀ ਗਈ। ਰਾਜੇ, ਮਹਾਰਾਜਿਆਂ, ਸਰਦਾਰਾਂ ਅਤੇ ਜ਼ਿਮੀਂਦਾਰਾਂ ਨੇ ਵੱਡੀਆਂ ਜ਼ਮੀਨਾਂ ਤੇ ਜਗੀਰਾਂ ਗੁਰਦੁਆਰੇ ਦੇ ਨਾਮ ਲੁਆਈਆਂ।

ਭਾਈ ਕਾਨ੍ਹ ਸਿੰਘ ਨਾਭਾ ਦੀ ਜਾਣਕਾਰੀ ਅਨੁਸਾਰ "ਆਲੀਸ਼ਾਨ ਗੁਰਦੁਆਰਾ ਜਨਮ-ਅਸਥਾਨ ਪਾਸ ਰਹਿਣ ਲਈ ਸੁੰਦਰ ਮਕਾਨ ਹਨ, ਗੁਰਧਾਮ ਨਾਲ ਅਠਾਰਾਂ ਹਜ਼ਾਰ ਏਕੜ ਜ਼ਮੀਨ ਅਤੇ ਨੌਂ ਹਜ਼ਾਰ ਅੱਠ ਸੌ ਬਾਨਵੇਂ ਰੁਪਏ ਦੀ ਜਗੀਰ ਹੈ, ਕਰੀਬ ਵੀਹ ਹਜ਼ਾਰ ਸਾਲਾਨਾ ਪੂਜਾ ਦੀ ਆਮਦਨ ਹੈ।" ਜਨਮ ਅਸਥਾਨ ਤੋਂ ਛੁੱਟ ਇਸ ਥਾਂ ਹੋਰ ਵੀ ਗੁਰਦੁਆਰੇ (ਕਿਆਰਾ ਸਾਹਿਬ, ਤੰਬੂ ਸਾਹਿਬ, ਪੱਟੀ ਸਾਹਿਬ, ਬਾਲ ਲੀਲਾ, ਮਾਲ ਜੀ ਸਾਹਿਬ) ਹਨ।

ਬਰਤਾਨਵੀ ਕਾਨੂੰਨ (Law of Possession) ਦੀ ਆੜ ਥੱਲੇ ਮਹੰਤ ਨਰੈਣ ਦਾਸ ਜਨਮ-ਅਸਥਾਨ ਦੀ ਉਪਰੋਕਤ ਜ਼ਮੀਨਾਂ ਤੇ ਜਗੀਰਾਂ ਦਾ ਮਾਲਕ ਬਣ ਬੈਠਾ। ਉਸਦੀ ਮਹੰਤਗਿਰੀ, ਗੁੰਡਾਗਰਦੀ ਸੀ। ਉਸਨੇ ਜਨਮ ਅਸਥਾਨ ਦੀ ਪਵਿੱਤਰਤਾ ਅਤੇ ਮਰਿਆਦਾ ਨੂੰ ਛਿੱਕੇ ਟੰਗ ਦਿੱਤਾ ਅਤੇ ਉਸਨੇ ਆਲੀਸ਼ਾਨ ਮਕਾਨਾਂ ਤੇ ਰਿਹਾਇਸ਼ ਘਰਾਂ ਨੂੰ ਅੱਯਾਸ਼ੀ ਦੇ ਅੱਡੇ ਬਣਾ ਦਿੱਤਾ। ਉਸਦੇ ਪਾਲਤੂ ਗੁੰਡਿਆਂ ਨੇ ਸ਼ਰਧਾਲੂ ਇਸਤਰੀਆਂ ਦੇ ਸਤ ਭੰਗ ਕੀਤੇ। ਇਨ੍ਹਾਂ ਇਸਤਰੀਆਂ ਵਿਚੋਂ ਸਿੰਧੀ ਸੈਸ਼ਨ ਜੱਜ ਦੀ ਕੰਵਾਰੀ ਪੁੱਤਰੀ ਵੀ ਸੀ।

ਅਕਤੂਬਰ 1920 ਈ. ਨੂੰ ਧਾਰੋਵਾਲ ਪਿੰਡ ਵਿਚ ਇਕ ਦੀਵਾਨ ਸਜਾਇਆ ਗਿਆ ਅਤੇ ਨਰੈਣ ਦਾਸ ਦੀ ਮਹੰਤਗਰਦੀ ਨੂੰ ਸੁਧਾਰਨ ਦਾ ਮਤਾ ਪਾਸ ਕੀਤਾ ਗਿਆ। ਮਹੰਤ ਦੇ ਮੁਖਬਰਾਂ ਨੇ ਉਸ ਨੂੰ ਦੱਸਿਆ ਕਿ ਅਕਾਲੀ ਸੁਧਾਰਕਾਂ ਨੇ ਗੁਰਦੁਆਰਿਆਂ ਨੂੰ ਮਹੰਤਾਂ/ਪੁਜਾਰੀਆਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣ ਦਾ ਅਹਿਦ ਕਰ ਲਿਆ ਹੈ ਅਤੇ ਉਹ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਅਕਾਲ ਤਖ਼ਤ ਨੂੰ ਮਹੰਤਾਂ/ਪੁਜਾਰੀਆਂ ਦੇ ਕਬਜ਼ੇ ਤੋਂ ਮੁਕਤ ਕਰਵਾ ਰਹੇ ਹਨ। ਸਿਆਲਕੋਟ ਦੇ ਗੁਰਦੁਆਰੇ ਬਾਬੇ ਕੀ ਬੇਰ ਨੂੰ ਵੀ ਆਜ਼ਾਦ ਕਰਵਾ ਲਿਆ ਹੈ। ਮਹੰਤ ਨਰੈਣ ਦਾਸ ਨੇ ਇਨ੍ਹਾਂ ਕਬਜ਼ਿਆਂ ਨੂੰ ਵੇਖਦਿਆਂ ਕਈ ਪਠਾਣ, ਡਕੈਤ ਅਤੇ ਬਦਮਾਸ਼ ਰੱਖ ਲਏ। ਇਨ੍ਹਾਂ ਦੀ ਗਿਣਤੀ 400 ਦੇ ਕਰੀਬ ਸੀ। ਉਸਨੇ ਸਥਾਨਕ ਪੁਲਿਸ ਕਪਤਾਨ ਤੇ ਡਿਪਟੀ ਕਮਿਸ਼ਨਰ ਦੀ ਮਦਦ ਵੀ ਲੈ ਲਈ। ਉਸਨੇ ਅਸਰ ਰਸੂਖ ਵਾਲੇ ਲੀਡਰਾਂ ਜਿਵੇਂ ਕਿ ਬਾਬਾ ਕਰਤਾਰ ਸਿੰਘ ਬੇਦੀ (ਪੁੱਤਰ ਬਾਬਾ ਖੇਮ ਸਿੰਘ ਬੇਦੀ) ਨਾਲ ਗੰਢ-ਤੁਪ ਕਰ ਲਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਹੰਤ ਨਰੈਣ ਦਾਸ ਦੀਆਂ ਤਿਆਰੀਆਂ ਅਤੇ ਬਦਨੀਅਤ ਦੀ ਜਾਣਕਾਰੀ ਸੀ। ਕਮੇਟੀ ਨੇ ਸ. ਕਰਤਾਰ ਸਿੰਘ ਝੱਬਰ ਅਤੇ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜਥਿਆਂ ਨੂੰ ਰੋਕਣ ਦੀ ਕੋਸ਼ਿਸ਼ ਵੀ ਕੀਤੀ। ਕਰਤਾਰ ਸਿੰਘ ਝੱਬਰ ਕਮੇਟੀ ਦੇ ਆਦੇਸ਼ਾਂ ਨੂੰ ਮੰਨਦਿਆਂ ਰੁਕ ਗਿਆ ਪਰ ਭਾਈ ਲਛਮਣ ਸਿੰਘ ਦੇ ਨਾਲ ਕੋਈ ਸੰਪਰਕ ਨਾ ਹੋਣ ਕਰਕੇ ਉਸਦਾ ਜਥਾ (ਲਗਪਗ 150 ਮੈਂਬਰ) ਗੁਰਦੁਆਰੇ 20 ਫਰਵਰੀ 1921 ਨੂੰ ਪਹੁੰਚ ਗਿਆ। ਜਿਵੇਂ ਹੀ ਜਥਾ ਗੁਰਦੁਆਰੇ ਅੰਦਰ ਵੜਿਆ ਇਸ ਦੇ ਗੇਟ ਬੰਦ ਕਰ ਦਿੱਤੇ ਗਏ। ਫਿਰ ਮਹੰਤ ਦੇ ਗੁੰਡਿਆਂ ਨੇ ਹਥਿਆਰਾਂ ਨਾਲ ਜਥੇ ਉੱਤੇ ਹਮਲਾ ਕੀਤਾ। ਜਿਹੜੇ ਅਕਾਲੀਆਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਅੱਧ-ਮੋਏ ਹੋ ਗਏ ਸਨ, ਉਨ੍ਹਾਂ ਨੂੰ ਖਿੱਚ ਧੂਹ ਕੇ ਇਕ ਥਾਂ 'ਤੇ ਇਕੱਠਾ ਕਰਕੇ ਅੱਗ ਲਾ ਕੇ ਸਾੜ ਦਿੱਤਾ। ਭਾਈ ਲਛਮਣ ਸਿੰਘ ਨੂੰ ਦਰਖਤ ਨਾਲ ਬੰਨ੍ਹ ਕੇ ਸਾੜਿਆ ਗਿਆ। ਕਿਹਾ ਜਾਂਦਾ ਹੈ ਕਿ ਪੁਲਿਸ ਦੇ ਪਹੁੰਚਣ ਤਕ 83 ਤੋਂ 156 ਦਰਮਿਆਨ ਅਕਾਲੀ ਸ਼ਹੀਦੀਆਂ ਪਾ ਚੁੱਕੇ ਸਨ। ਮਨਹੂਸ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਦੂਰ ਦੁਰਾਡੇ ਕਸਬਿਆਂ ਤੋਂ ਅਕਾਲੀ ਜਥੇ ਪਹੁੰਚ ਗਏ। 22 ਫਰਵਰੀ ਨੂੰ ਪੰਜਾਬ ਦੇ ਗਵਰਨਰ ਐਡਵਰਡ ਮੈਕਲਾਗਨ, ਮਹਾਤਮਾ ਗਾਂਧੀ, ਸ਼ੌਕਤ ਅਲੀ ਤੇ ਮੁਹੰਮਦ ਅਲੀ, ਬਾਅਦ ਵਿਚ (3 ਮਾਰਚ) ਸਰ ਜੋਗਿੰਦਰਾ ਸਿੰਘ ਅਤੇ

ਪ੍ਰਿੰਸ ਬਾਂਬਾਂ ਦਲੀਪ ਸਿੰਘ ਨੇ ਸ਼ਹੀਦਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ। ਲਾਹੌਰ ਦੇ ਕਮਿਸ਼ਨਰ ਨੇ ਚੁਸਤੀ ਨਾਲ ਗੁਰਦੁਆਰੇ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤੀਆਂ।

ਨਨਕਾਣਾ ਸਾਹਿਬ ਗੁਰਦੁਆਰਾ ਅੰਦਰ ਦੇ ਕਤਲੇਆਮ ਨੇ ਸਿੱਖ ਆਗੂਆਂ ਦਾ ਕਰੜਾ ਇਮਤਿਹਾਨ ਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਅਤੇ ਹਜ਼ਾਰਾਂ ਕਾਰਕੁਨਾਂ ਨੇ ਇਸ ਹਿਰਦੇਵੇਦਕ ਦੁਖਾਂਤ ਦੇ ਬਾਵਜੂਦ ਵੀ ਆਪਣੇ ਜਜ਼ਬਾਤਾਂ 'ਤੇ ਕਾਬੂ ਰੱਖਿਆ ਕਿਉਂਕਿ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ (ਅੰਮ੍ਰਿਤਸਰ) ਦੇ ਸਨਮੁਖ ਹੋ ਕੇ ਸ਼ਾਂਤਮਈ ਰਹਿ ਕੇ ਗੁਰਦੁਆਰਾ ਸੁਧਾਰ ਕਰਨ ਦਾ ਪ੍ਰਣ ਲਿਆ ਹੋਇਆ ਸੀ। ਉਨ੍ਹਾਂ ਨੇ ਇਸ ਪ੍ਰਣ ਨੂੰ ਪ੍ਰਮਾਤਮਾ ਦੇ ਭਾਣੇ ਵਿਚ ਰਹਿ ਕੇ ਨਿਭਾਇਆ। ਉਹ ਭੁੱਲੇ ਨਹੀਂ ਸਨ ਕਿ ਭਾਈ ਲਛਮਣ ਸਿੰਘ ਅਤੇ ਉਨ੍ਹਾਂ ਦੇ ਜਥੇ ਨੇ ਅੰਗ-ਅੰਗ ਕਟਵਾਉਣ ਦੇ ਬਾਵਜੂਦ ਵੀ ਇਸ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਉਨ੍ਹਾਂ ਦੇ ਸਿਰੜ ਤੇ ਸਿਦਕ ਨੂੰ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਦੀ ਯਾਦ ਨੇ ਅਡੋਲ ਰੱਖਿਆ। ਉਹ ਇਸ ਕਰੜੇ ਇਮਤਿਹਾਨ ਵਿਚੋਂ ਤਕੜੇ ਹੋ ਕੇ ਨਿਕਲੇ ਅਤੇ ਉਨ੍ਹਾਂ ਨੇ ਗੁਰੂ ਕੇ ਬਾਗ ਦੇ ਮੋਰਚੇ (1922) ਦੌਰਾਨ ਪੁਲਿਸ ਦੀਆਂ ਡਾਂਗਾਂ ਦੀ ਮਾਰ ਸ਼ਾਂਤਮਈ ਰਹਿ ਕੇ ਖਾਧੀ, ਹੱਥ ਨਹੀਂ ਚੁੱਕਿਆ। ਕਾਂਗਰਸ ਦੇ ਲੀਡਰ ਪੁਲਸ ਤਸ਼ੱਦਦ ਨੂੰ ਵੇਖ ਕੇ ਸੁੰਨ ਹੋ ਗਏ। ਜੇ. ਐੱਫ. ਐਂਡਰਿਊਜ਼ ਨੂੰ ਦੁਨੀਆ ਨੂੰ ਦੱਸਣਾ ਪਿਆ ਕਿ ਗੁਰੂ ਕੇ ਬਾਗ ਦੇ ਮੋਰਚੇ ਵਿਚ ਹਰ ਰੋਜ਼ ਈਸਾ ਮਸੀਹ ਸੂਲੀ ਚੜ੍ਹ ਰਿਹਾ ਹੈ। ਜੈਤੋ ਦੇ ਲੰਬੇ ਮੋਰਚੇ (1923-25) ਵਿਚ ਵੀ ਅਕਾਲੀ ਜਥਿਆਂ ਨੇ ਸ਼ਾਂਤਮਈ ਰਹਿ ਕੇ ਪੁਲਿਸ ਦੀਆਂ ਗੋਲੀਆਂ ਨਾਲ ਸ਼ਹਾਦਤਾਂ ਦਿੱਤੀਆਂ। ਇਨ੍ਹਾਂ ਜਥਿਆਂ ਵਿਚ ਬੀਬੀਆਂ ਨੇ ਵੀ ਸ਼ਹਾਦਤਾਂ ਦਿੱਤੀਆਂ। ਇਨ੍ਹਾਂ ਸ਼ਹਾਦਤਾਂ ਨੇ ਗੁਰਦੁਆਰਾ ਸੁਧਾਰ ਲਹਿਰ ਨੂੰ ਨੇਪਰੇ ਚਾੜ੍ਹਨ ਵਿਚ ਮਦਦ ਕੀਤੀ। ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਸਿੰਘਾਂ ਦੀਆਂ ਸ਼ਹਾਦਤਾਂ ਅਠਾਰ੍ਹਵੀਂ ਸਦੀ ਦੇ ਸਿੰਘਾਂ ਦੇ ਬੰਦ-ਬੰਦ ਕਟਵਾਉਣ ਦੀਆਂ ਸ਼ਹਾਦਤਾਂ ਦੀ ਹਿਰਦੇਵੇਦਕ ਯਾਦ ਦਿਵਾਉਂਦਾ ਹੈ। ਜਦੋਂ ਵੀ ਸਿੱਖ ਗੁਰਧਾਮਾਂ ਦੇ ਇਤਿਹਾਸ ਨੂੰ ਯਾਦ ਕਰਦੇ ਹਨ ਤਾਂ ਉਹ ਨਨਕਾਣੇ ਦੀਆਂ ਸ਼ਹਾਦਤਾਂ ਦੀ ਪੀੜਾ ਮਹਿਸੂਸ ਕਰਦੇ ਹਨ।

ਨਨਕਾਣਾ ਸਾਹਿਬ ਦੇ ਕਤਲੇਆਮ ਨੇ ਉਪਰੋਕਤ ਸ਼ਾਂਤਮਈ ਸਤਿਆਗ੍ਰਹਿ ਦੇ ਸਮਾਨਾਂਤਰ ਖਾੜਕੂ ਵਿਚਾਰਧਾਰਾ ਨੂੰ ਮੁੜ ਸੁਰਜੀਤ ਕੀਤਾ। ਅਰਥਾਤ ਬੱਬਰ ਲਹਿਰ ਨੂੰ ਜਨਮ ਦਿੱਤਾ। ਇਸ ਲਹਿਰ ਦੇ ਪ੍ਰਮੁੱਖ ਮੋਢੀ ਭਾਈ ਕਿਸ਼ਨ ਸਿੰਘ ਗੜਗੱਜ, ਭਾਈ ਕਰਮ ਸਿੰਘ ਦੌਲਤਪੁਰੀ, ਮਾਸਟਰ ਦਲੀਪ ਸਿੰਘ, ਮਾਸਟਰ ਮੋਤਾ ਸਿੰਘ ਅਤੇ ਬਾਬੂ ਸੰਤਾ ਸਿੰਘ ਸਨ। ਇਸ ਕਤਲੇਆਮ ਨੇ ਇਨ੍ਹਾਂ ਆਗੂਆਂ ਨੂੰ ਯਕੀਨ ਦਿਵਾ ਦਿੱਤਾ ਕਿ ਜਦ ਤਕ ਕੌਮ ਵਿਰੋਧੀ ਸਰਕਾਰਪ੍ਰਸਤਾਂ ਅਤੇ ਮੁਖ਼ਬਰਾਂ ਦਾ ਸਫਾਇਆ ਨਹੀਂ ਕੀਤਾ ਜਾਂਦਾ, ਉਦੋਂ ਤਕ ਸ਼ਾਂਤਮਈ ਅੰਦੋਲਨ ਸਫ਼ਲ ਨਹੀਂ ਹੋ ਸਕਦਾ। ਬੱਬਰਾਂ ਨੇ ਸੋਚ-ਸਮਝ ਕੇ ਜੁਝਾਰੂ ਰਵਾਇਤਾਂ ਦਾ ਪ੍ਰਚਾਰ ਕਰਨ ਦਾ ਪ੍ਰੋਗਰਾਮ ਉਲੀਕਿਆ। ਕਿਉਂਕਿ ਬੱਬਰ ਅਕਾਲੀਆਂ ਵਿਚ ਸਾਬਕਾ ਸੈਨਿਕਾਂ ਦਾ ਬੋਲਬਾਲਾ ਸੀ ਇਸ ਲਈ ਇਹ ਆਗੂ ਖਾਲਸੇ ਦੀਆਂ ਜੁਝਾਰੂ ਰਵਾਇਤਾਂ ਵਿਚ ਪਰਪੱਕ ਸਨ। ਉਹ ਆਪਣੇ ਆਪ ਨੂੰ ਮਾਰਸ਼ਲ ਕੌਮ ਦੇ ਨੁਮਾਇੰਦੇ ਤਸੱਵਰ ਕਰਦੇ ਸਨ। ਦੁਰਾਚਾਰੀ ਮਹੰਤਾਂ ਤੇ ਪੁਜਾਰੀਆਂ ਦੇ ਲੱਚਰ ਕਿੱਸਿਆਂ ਅਤੇ ਬਰਬਰਤਾ ਨੇ ਉਨ੍ਹਾਂ ਦੇ ਇਰਾਦਿਆਂ ਨੂੰ ਮਜਬੂਤ ਕੀਤਾ ਕਿ ਗੁਰੂ ਗੋਬਿੰਦ ਸਿੰਘ ਦੇ ਵਾਕ : "ਚੂੰ ਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਬਸ਼ਮਸੀਰ ਦਸਤ" ਨੂੰ ਅਮਲ ਵਿਚ ਲਿਆਂਦਾ ਜਾਵੇ। ਇਨ੍ਹਾਂ ਨੇ ਸਰਕਾਰ-ਪ੍ਰਸਤਾਂ, ਝੋਲੀਚੁੱਕਾਂ ਅਤੇ ਮੁਖ਼ਬਰਾਂ ਦਾ ਅਜੇਹਾ ਸੋਧਾ ਲਾਇਆ ਕਿ ਜਲੰਧਰ, ਦੁਆਬ ਦੇ ਇਲਾਕੇ ਵਿਚ ਇਨ੍ਹਾਂ ਦੀ ਦਹਿਸ਼ਤ ਫੈਲ ਗਈ। 1921-22 ਦੇ ਸਾਲਾਂ 'ਚ ਨੌਕਰਸ਼ਾਹੀ ਤੇ ਪੁਲਿਸ ਦੇ ਤਸ਼ੱਦਦ ਨੂੰ ਬੇਅਸਰ ਕਰ ਦਿੱਤਾ। ਜਿਸ ਦਲੇਰੀ ਤੇ ਮੌਤ ਦੇ ਡਰ ਤੋਂ ਬੇਖ਼ੌਫ਼ ਹੋ ਕੇ ਉਹ ਫਾਂਸੀਆਂ 'ਤੇ ਲਟਕੇ, ਉਨ੍ਹਾਂ ਦੀਆਂ ਸ਼ਹਾਦਤਾਂ ਨੇ ਸਿੱਖ ਜੁਝਾਰੂ ਰਵਾਇਤਾਂ ਨੂੰ ਕੌਮ ਦੇ ਸੰਗਰਾਮ ਲਈ ਪ੍ਰਸੰਗਿਕ ਬਣਾ ਦਿੱਤਾ ਅਤੇ ਗਦਰੀ ਬਾਬਿਆਂ ਦੇ ਹਥਿਆਰਬੰਦ ਸੰਘਰਸ਼ ਨੂੰ ਜੀਵਤ ਕੀਤਾ। ਹਿੰਦੁਸਤਾਨ ਸੋਸ਼ਲਿਸਟ ਰੀਪਬਲੀਕਨ ਆਰਮੀ ਅਤੇ ਕਿਰਤੀ ਕਿਸਾਨ ਲਹਿਰ ਦੇ ਪ੍ਰਚਾਰ ਲਈ ਰਾਹ ਸਾਫ਼ ਕੀਤਾ।

*ਡਾਇਰੈਕਟਰ, ਭਾਈ ਵੀਰ ਸਿੰਘ ਨਿਵਾਸ-ਅਸਥਾਨ, ਅੰਮ੍ਰਿਤਸਰ

❖ ❖ ❖ ❖

## ਨਨਕਾਣਾ ਸਾਹਿਬ ਦੇ ਦੁਖਾਂਤ ਤੇ ਪਾਸ ਹੋਏ ਗੁਰਮਤੇ...

ਸਮਾਧ ਜਾਪਦੀ ਲੱਕੜਾਂ ਦੇ ਟਾਲ ਪਿੱਛੇ ਮੂਧੀ ਪਈ ਹੈ। ਲਛਮਣ ਸਿੰਘ ਸ਼ਹੀਦ ਦੀ ਸਮਾਧ ਇਕ ਹਟੜੀ ਵਿਚ ਬੇਨਾਮ ਪਈ ਹੈ। ਥੜੇ ਸਾਹਬ ਪਾਸੇ ਬਾਬਾ ਗੰਡਾ ਸਿੰਘ ਤੇ ਲੱਖੂ ਦੇ ਵੇਲੇ ਸ਼ਹੀਦ ਹੋਈਆਂ ਸਿੰਘਣੀਆਂ ਤੇ ਸਿੰਘਾਂ ਦਾ ਬੜਾ ਬੇ ਨਾਵੇਂ ਪਿਆ ਹੈ। ਮਹਾਰਾਜਾ ਖੜਗ ਸਿੰਘ ਦੇ ਢੇ ਚੁੱਕੀ ਬਾਰਾਂ ਦਰੀ ਤੋਂ ਪਰੇ ਜੇਹਲ ਰੋਡ ਤੇ ਇਕ ਸਮਾਧ ਬੇ ਨਿਸ਼ਾਨ ਪਈ ਹੈ - ਇਸ ਤਰ੍ਹਾਂ ਦੀਆਂ ਹਜ਼ਾਰਾਂ ਹਨ। ਨਾਮ ਨਾ ਰਹਨ ਤੇ ਸਾਕੇ ਬੀ ਭੁੱਲ ਜਾਂਦੇ ਹਨ। ਸੋ ਸਿੱਖ ਇਤਹਾਸ ਵਿਚ ਅੱਜ ਇਹ ਪਹਲੀ ਤਬਦੀਲੀ ਹੋਵੇ ਕਿ ਸ਼ਹੀਦ ਗੰਜਾਂ ਡੇਹਰਿਆਂ ਸਮਾਧਾਂ ਤੇ ਨਾਮ ਥਿਤ ਸਾਰਾ ਪੱਥਰ ਤੇ ਲਿਖਕੇ ਲੱਗੇ ਤੇ ਮੁੱਢ ਏਸ ਥਾਂ ਤੋਂ ਹੋਵੇ।

ਦੂਜੀ ਬੇਨਤੀ ਇਹ ਹੈ ਕਿ ਸ਼ਹੀਦ ਹੋ ਚੁੱਕੇ ਸਿੰਘਾਂ ਦੀਆਂ ਇਸਤਰੀਆਂ, ਮਾਵਾਂ ਤੇ ਬੱਚਿਆਂ ਦੀ ਪਾਲਣਾ ਤੇ ਬੱਚਿਆਂ ਦੀ ਵਿਦਯਾ ਪ੍ਰਾਪਤੀ ਪੰਥ ਆਪਨੇ ਜ਼ਿੰਮੇ ਲਵੇ ਤੇ ਫੰਡ ਬਨਾਕੇ ਇਹ ਕਾਰਜ ਕੀਤਾ ਜਾਵੇ। ਇਸ ਬਿਨਾਂ ਕੌਮ ਅਪਨੇ ਪਯਾਰ, ਸੱਚੇ ਪਯਾਰ ਦੇ ਫਰਜ਼ ਤੋਂ ਅਰਿਣੀ ਨਹੀਂ ਹੋ ਸਕਦੀ। (**ਖਾਲਸਾ ਸਮਾਚਾਰ**, 3 ਮਾਰਚ, 1921)

❖ ❖ ❖ ❖

## ਨਨਕਾਣਾ ਸਾਹਿਬ ਸ਼ਹੀਦੀ ਜੱਥੇ ਦੇ ਮੁਖੀ...

ਗੋਲੀਆਂ ਨਾਲ ਹੋਏ ਜ਼ਖ਼ਮੀਆਂ ਨੂੰ ਜੰਡ ਦੇ ਦਰਖ਼ਤ ਨਾਲ ਬੰਨ੍ਹ ਕੇ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ ਗਿਆ। ਜਥੇਦਾਰ ਲਛਮਣ ਸਿੰਘ ਨੂੰ ਤਾਂ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਕਰਕੇ ਕੇਸਾਂ ਤੋਂ ਫੜ੍ਹਕੇ ਬਾਹਰ ਲਿਆ ਪਟਕਾ-ਪਟਕਾ ਧਰਤੀ 'ਤੇ ਮਾਰਿਆ। ਜਥੇਦਾਰ ਜੀ ਭਾਣਾ ਮੰਨਦਿਆਂ ਮੁੱਖੋਂ ਵਾਹਿਗੁਰੂ-ਵਾਹਿਗੁਰੂ ਉਚਾਰਦੇ ਰਹੇ। ਫਿਰ ਬਦਮਾਸ਼ ਉਨ੍ਹਾਂ ਨੂੰ ਧੂਹ ਕੇ ਇਕ ਜੰਡ ਹੇਠ ਲੈ ਗਏ ਜਿੱਥੇ ਉਨ੍ਹਾਂ ਨੇ ਜਥੇਦਾਰ ਨੂੰ ਮਿੱਟੀ ਦਾ ਤੇਲ ਪਾ ਅੱਗ ਲਾ ਕੇ ਸਾੜ ਦਿੱਤਾ। ਅੱਗ ਐਨੀ ਭਿਆਨਕ ਸੀ ਕਿ ਜਿਸ ਨਾਲ ਜੰਡ ਵੀ ਸਾਰਾ ਲੂਸਿਆ ਗਿਆ। 130 ਤੋਂ ਵੱਧ ਸਿੰਘਾਂ, ਸਿੰਘਣੀਆਂ ਤੇ ਭੁਝੰਗੀਆਂ ਨੇ ਨਨਕਾਣਾ ਸਾਹਿਬ ਦੇ ਇਸ ਸਾਕੇ 'ਚ ਜਾਮ-ਏ-ਸ਼ਹਾਦਤ ਪੀ ਕੇ ਸਿੱਖੀ ਨੂੰ ਆਪਣੇ ਖ਼ੂਨ ਨਾਲ ਸਿੰਜਿਆ ਜਿਸ ਦੇ ਫ਼ਲਸਰੂਪ ਗੁਰਦੁਆਰਾ ਸੁਧਾਰ ਲਹਿਰ ਨੂੰ ਸਿਦਕ ਤੇ ਜੋਸ਼ ਦਾ ਭਾਰੀ ਬਲ ਮਿਲਿਆ।ਇਹਨਾਂ ਦੀ ਲਾਸਾਨੀ ਸ਼ਹਾਦਤ ਨੂੰ ਅਸੀਂ ਨਿਤਾਪ੍ਰਤੀ ਅਰਦਾਸ ਵਿਚ ਹਰ ਰੋਜ਼ ਯਾਦ ਕਰਦੇ ਹਾਂ।

– ਗੁਰਬਖਸ਼ ਸਿੰਘ ਝੁਬਾਲੀਆ ਦੀ ਪੁਸਤਕ **ਸ਼ਹੀਦੀ ਜੀਵਨ** 'ਤੇ ਆਧਾਰਿਤ।
ਪੁਨਰ-ਸਿਰਜਨ: **ਸੁਖਚੈਨ ਸਿੰਘ**

# The Nankana Sahib Massacre

❖ Ruchi Ram Sahni

Even before the tragedy at Tarn Taran, the S.G.P.C. were contemplating to bring Gurdwara at Nankana Sahib under their own control. This historical shrine was then in the possession and under the management of Mahant Narain Das who had made himself particularly notorious for corruption and vice.

As early as the 23rd of January, 1921, and again on the 6th February, meetings of the S.G.P.C. were held at which resolutions were passed announcing a big *Diwan* to be held at Nankana Sahib on the 4th, 5th and 6th March, 1921. Copies of these resolutions were sent to the Punjab Government and the rulers of Sikh States as well as to the press. In this open letter, a clear mention was made of the corruptions and vices carried on by the Mahant of Nankana Sahib in the sacred Gurdwara; the Sikhs were asked to foregather at the shrine on the appointed days in order to devise ways and means to put an end to the corruption in the Nankana Sahib Gurdwara. The Sikhs were also directed to observe complete non-violence on the occasion in spite of provocations. It is believed the S.G.P.C. had come to know that the Mahant had provided himself with weapons to be used in case the necessity arose.

On its own part, the Shiromani Committee had, as already mentioned, cautioned the government, the states and the public at large so that, if possible, a settlement might be arrived at between the Mahant and the S.G.P.C. It was understood that in case no such peaceful settlement was brought about by the beginning of March, the *Panth* would meet on the 4th, 5th, 6th of March, 1921, to chalk out a plan for carrying out the necessary reforms in the management of the Nankana Sahib Gurdwaras.

The S.G.P.C. had arranged to hold a Diwan at a place a few miles from Nankana Sahib, on the 20th of February, 1921. Bhai Lachhman Singh, of Dharowali Chak No. 33, the *Jathedar* of this Diwan, started from Chuharkana with his *Jatha* early in the morning of 20th February, 1921, to make necessary arrangements for the big *Diwan* that was to be held on the 4th, 5th and 6th of March.

Coming to know of this, Mahant Narain Das suspected that Bhai Lachhman Singh was coming to Nankana Sahib with a large body of Sikhs to take possession of the Janamsthan Gurdwara. He therefore hastened his preparations so as to be ready to meet the "aggressors" on the 20th February. Now as Nankana Sahib lay on the way of Bhai Lachhman Singh and his party, he at the time of starting from Chuharkana, suggested to his companions that they should pay homage to the holy Gurdwara at Nankana Sahib that day. He was informed by other Sikhs that the Mahant had collected a large number of gundas and badmashes in the Gurdwara and it would be better to pay their homage to the sacred shrine from a distance.

But Bhai Lachhman Singh declared that he was determined to visit the Gurdwara, whatever calamity might befall him, and that it depended upon the sweet will of his companions whether they would accompany him or not. Upon this the whole party consented to visit the Gurdwara (see the court proceedings in the criminal case against Mahant Narain Das).

Reaching Nankana Sahib the *Jatha* had a bath in the sacred Tank of Gurdwara Bal Lila and paid their homage to this Gurdwara. The Mahant of the Bal Lila Gurdwara asked the *Jatha* if they had come to take charge of the Gurdwara. The Mahant willingly offered to give up the Gurdwara to the Akalis if they so desired. But he was told that they had no intention of taking possession of the Gurdwara, and that they had come only to pay their homage at the sacred place.

Leaving the Bal Lila Gurdwara, Lachhman Singh's Jatha went to the Janamsthan Gurdwara (the main Gurdwara at Nankana Sahib). Like other ordinary pilgrims, they sat down inside the Gurdwara after paying their homage to the Guru Granth Sahib. The karinda of the Mahant spoke to them in a very polite manner.

Up to this time the *Jatha* did not suspect any mischief on the part of the Mahant or any of his men. As usual on such occasions, the singing of *Asa di var* had begun when all of a sudden, they heard the sound of the main gate of the Gurdwara being closed. It may be mentioned here that this door had been provided to the gate only a few days back. The door way was covered with thick tin-plates and, at the same time, a number of openings had been provided to serve as loopholes. Hearing this sound, the Akalis also noticed that the door of the other gate was also shut. To their surprise a large number of men, who had been sitting on the roof out of the view of the Akalis, started firing at them. The Akalis ran in small groups into the small rooms attached to the Gurdwara and bolted the doors from inside. But the cruel marksmen came down with their guns and

*Chhavis*. They bolted the rooms, in which the Sikhs had taken shelter, from outside, and began to fire at the Sikhs through the holes in the doors. These holes were one of the marked objects for the crowds of visitors to see after the foul deed had been perpetrated. A large number of the Sikhs received wounds while others were actually murdered. In the room in which Bhai Lachhman Singh was acting as Granthi, as many as 150 marks of bullets were observed by the Government officers while 44 marks were counted by them on other walls.

So far about the happenings within the four walls of the Gurdwara. A word must now be said as to what was going on outside. One Sardar Dalip Singh of Sargodha was believed to have some relatives at Nankana Sahib. He was a man of some social position, being a Rais and Secretary of the Sargodha Khalsa School. He was also known to Mahant Narain Das and was supposed to have some influence with him. As he happened to be at Chuharkana at this time, Jathedar Kartar Singh and some other leading persons of the place asked him to persuade Bhai Lachhman Singh not to visit Nankana Sahib Gurdwara as Mahant Narain Das was reported to be bent upon mischief. Further, he was told that in the event of Bhai Lachhman Singh not listening to his entreaties, he (Dalip Singh) should try to convince the Mahant that Lachhman Singh had come to the Gurdwara only for *darshan* and should not be molested.

On reaching Janamsthan Dalip Singh saw the Mahant occupied with his murderous tasks. He shouted to him to desist but received a gun shot on the forehead and fell dead.

The Sikhs who had come with S. Dalip Singh had stayed behind in a Sarae. The Pathan murderers hired by the Mahant rushed to the place and did short work with them. Thus, ended the gruesome drama with Mahant Narain Das as its chief actor.

Bhai Lachhman Singh's hands were cut little by little and then he was brought before the Mahant who took great delight in seeing his head being severed before him. The Sikhs within the Gurdwara who could not be killed with the bullets were murdered with axes. Some of them were even burnt alive. It was reported that the hired goondas murdered some Sikhs after searching them outside the Gurdwara.

S. Karam Singh, Station-Master heard the sound of the bullets and started for the Gurdwara. On the way he was informed by a Nihang Singh of what had taken place. In the meanwhile, another Sikh, Bhai Labh Singh by name, met the Station Master and asked him to inform the higher authorities by wire about what had happened. Accordingly, telegrams were sent to the Governor of the Province, to the Deputy Commissioner as well as to a number of other high officials and the S.G.P.C., informing them of what had happened at Nankana Sahib. Mahatma Gandhi at this time was at Rawalpindi and he also got a telegram to the same effect.

The Deputy Commissioner of Gujranwala reached Nankana Sahib at 12.30 p.m. and saw the bodies of the Sikhs burning with his own eyes.

In the evening the Commissioner of the Division with a military force consisting of 100 Europeans and 100 Indian soldiers, and D.G. Police and several Sikh Sardars reached Nankana Sahib by a special Train. The Military was posted all-round the Gurdwara.

The Mahant had locked up the gates from within and when he was asked to open them, he is said to have replied that the Sikhs had murdered his Sadhus and he was burning their dead bodies so that the Sikhs may not take them away.

The authorities now set to work to arrest the Mahant and his gang of Pathans who were suspected to have been concerned with the foul deed. Mahant Narain Das who had locked himself in a small room came out of it after hesitating for a few minutes. He had a gun in his hand which was taken from him by the District Magistrate, Mr. Curie. After his arrest, two disciples (Chelas) of the Mahant and 26 Pathans were arrested. The Gurdwara was put under the protection of the Government.

Several Sikh leaders and Sikh Sardars from Amritsar and other places reached Nankana Sahib by motor cars. A large number of Sikhs tried to reach Nankana Sahib by train but they were refused tickets for Nankana Sahib and were informed that the trains did not stop at the Nankana Sahib Railway Station. However, a large number of the Sikhs reached the Janamsthan some by getting down at the nearest Railway Station and other by walking the whole distance from Lahore, Amritsar and other places.

The 29 persons arrested at Nankana Sahib were at once sent to Lahore by a special train and there confined in the Central Jail. The Government at once started investigation in which the District Magistrate, Mr. Curie, the D. J. G. Police, the Superintendent of Police and some officers of the C. I. D. of the Punjab took part.

After sometime the military and the Police were withdrawn from the Gurdwara, its management being handed over to the Khalsa Panth. Sardar Harbans Singh of Atari was appointed the President and Sardar Sunder Singh Ramgarhia the Vice-President of the first Parbandhak Committee of the Gurdwara.

The Governor of the Punjab, Sir Edward Maclagan, reached Nankana Sahib by a special train on the 22nd of February, 1921, on receiving a telegram from S. Harbans Singh. A large number of officials and men

**(Continued on Page 11)**


# The Nankana Tragedy and its Aftermath

❖ Dr. Mohinder Singh*

Nankana, the birth place of Guru Nanak, occupies the most important position among the Sikh places of religious worship. Apart from the Gurdwara of Janam Asthan, where the Guru was born, there are over half a dozen other shrines commemorating different events of the early life of the Guru. During the early decades of the twentieth century, the Gurdwara of Janam Asthan came to be controlled by Mahant Sadhu Ram, who was leading an irreligious and licentious life. Mahant Narain Das, who succeeded to the Mahantship after the death of Sadhu Ram, followed his predecessor's pattern of life.

The Sikhs of the area tried to curb the evil practices, but to no effect since the Mahants had the backing of the local British officials. These officials, being themselves party to the excesses in the Gurdwara, were not interested in improvements. The Mahants spent lakhs of rupees out of the Gurdwara funds in offering rich presents to the local officials and others on whose goodwill and support depended their appointment and continuance in office. In return, these officials assured them official help in cases of emergency. It was in this milieu that Narain Das came to occupy the gaddi of the Mahant in Nankana. With a view to warding off the danger of opposition from the Sikh reformers, he is said to have promised the Sikh congregation that the conduct of the old Mahant had gone with him on his funeral pyre and that he would never tread in his predecessor's footsteps. But subsequent events indicated the shallowness of his promises and he was not able to resist evil influences.

This state of affairs at Nankana Sahib attracted attention of the Akali reformers. To begin with, they adopted the usual method of holding Diwans to discuss the deplorable conditions at Janam Asthan and other Gurdwaras at Nankana and called upon the Mahants to reform. One such Diwan was held at Dharowal early in October 1920. A resolution was passed calling upon Mahant Narain Das to improve his ways and cleanse the administration of the temple. This resolution as well as the news that the Golden Temple, Akal Takhat and other Gurdwaras at Amritsar having passed into the hands of the Akali reformers made the Mahant realise the impending danger. But instead of reforming or even arriving at a compromise with the Akalis, Narain Das began to recruit a strong force to resist the Akali Movement. He is also said to have had a personal interview with Mr. C.M. King, the Commissioner of Lahore Division, who gave him an assurance of help in the event of an Akali attack on his shrine. In consultation with Baba Kartar Singh Bedi and other Mahants, Narain Das arranged a meeting at Nankana which was attended by over sixty Mahants. It was decided at the meeting not to recognise the authority of the newly formed S.G.P.C. and a parallel committee was formed with Mahant Narain Das as its President and Mahant Basant Das as the Secretary. A newspaper (Sant Sewak) was also started from Lahore to carry on propaganda against the Akali Movement.



Manji Sahib inside Gurdwara Janam Asthan where marks of bullets can be seen.

The murderous plans of the Mahant seem to have been known to the Akali leadership who made desperate efforts to dissuade the Jathas from going to Nankana before the planned general assembly on 4 March 1921, thus falling into the trap laid by the Mahant. It was with this objective that Sardar Harchand Singh, Teja Singh Samundri and Master Tara Singh were sent to Nankana to stop the Jathas from proceeding to Gurdwara Janam Asthan. These leaders reached Nankana on 19

February 1921, and were joined by Sardar Sardul Singh Caveeshar, Master Sunder Singh, Jaswant Singh Jhabal and Dalip Singh. There they all decided to enforce the earlier decision of the Akali leadership not to send the Jathas to Nankana before the fixed date. Dalip Singh and Jaswant Singh were sent to Khara Sauda to meet Jathedar Kartar Singh Jhabbar and to persuade him to abandon his plan for the forcible occupation of Nankana. After having informed Jathedar Jhabbar, Dalip Singh proceeded to Sunderkot to inform Bhai Lachhman Singh not to start for Nankana as planned. On finding that Bhai Lachhman Singh and his Jatha had already left the place, Dalip Singh then proceeded to the factory of Bhai Uttam Singh which was located about a mile away from Nankana.

Bhai Lachhman Singh had started for Nankana late in the evening of 19 February 1921 with a few companions. On the way more people joined him. On the morning of 20 February, the party reached a place half a mile away from Gurdwara Janam Asthan. Here they met a messenger of Bhai Dalip Singh and received a message containing the S.G.P.C.'s instructions not to proceed to Janam Asthan. Bhai Lachhman Singh agreed, but the other members of his Jatha persuaded him that there would be no harm if they visited the Gurdwara and, after paying their homage, returned peacefully. Having been thus persuaded by his companions, Bhai Lachhman Singh proceeded to the Janam Asthan and arrived there at the head of his Jatha at about six in the morning. He and his Jatha thus fell into the trap cleverly laid by Mahant Narain Das.

The Mahant seems to have acted according to a carefully worked out plan. This is borne out by the fact that a few days earlier he had shifted his family and valuables to Lahore. According to an eyewitness account, on getting the news of the arrival of the Jatha the Mahant distributed arms and ammunition to his men and exhorted them to action saying, 'Sikhs are coming, get ready'. As soon as the Jatha entered the main gate of the Gurdwara, the Pathans posted outside, shut the gate at the signal from the Mahant. The members of the Jatha, who were unaware of these designs, sat down after bowing before the holy Granth and started singing hymns. According to the statement of Mr. H.A. Herbert, the Public Prosecutor in the Nankana Case, 'Firing started almost as soon as the Akalis entered the Gurdwara. Not a single syllable was addressed to them; they were fired upon without parley or question...' Immediately 25 of the Mahant's men went atop the roof of the verandah and started firing at the Akalis sitting below. The rest of the Mahant's men and Sadhus began throwing bricks at the Sikhs, some of whom ran to take shelter in the side-rooms. Others who ran to the side of the sanctuary were shot dead there. About 25 members of the Jatha who remained inside the Gurdwara calmly suffered martyrdom. About 60 of the Akalis shut themselves in another sanctuary called Chaukhandi but the Mahant's men broke open the doors and killed them there. Then the side-rooms were searched and 25 Akalis found there were put to death. According to contemporary accounts, Mahant Narain Das was himself supervising the whole show and urging his men 'to spare no long-haired Sikh in the whole vicinity'.

After wounding and killing all the members of Bhai Lachhman Singh's party and other Jathas along with their sympathisers, the Mahant and his men collected and burnt most of the dead and wounded by pouring kerosene which had already been stored for the purpose. According to an eyewitness account, 'In these burnt heaps there were traces of arms, heads, legs and other parts of bodies chopped off into small bits... and practically the whole compound was full of blood'. The Public Prosecutor also confirms the fact that 'the Mahant tried to obliterate all traces of the killed by burning the corpses'. Lord Reading, the Viceroy of India, in his report to the Secretary of State for India, also refers to the Mahant's attempt to burn all the dead bodies.

On coming to know of the tragedy, Bhai Uttam Singh, a local factory owner, and Sardar Karam Singh, the Station Master, tried to inform the higher authorities in the Panjab as well as the Akali and the national leaders. Urgent telegrams were sent to the Lt. Governor of the Panjab, the Deputy Commissioner of Sheikhupura, the Superintendent of Police, the Shiromani Gurdwara Prabandhak Committee and to Mahatma Gandhi. Though Mr. J.C. Currie, the Deputy Commissioner, arrived at Nankana at about 12.30 p.m. he could do nothing without the assistance of the police. Curiously enough, although there were clear indications of a possible clash between the Mahant's men and the Akali reformers, the lone Sub-Inspector at the nearby police station of Warburton was on leave on the day of the tragedy. He and another Sub-Inspector from Mangatwala arrived at the scene of the tragedy only after the Deputy Commissioner had arrived. According to the reports published in the native press, even after the arrival of the Deputy Commissioner, the burning of the dead and the wounded continued for about an hour and a half. By late evening, Mr. C.M. King, Commissioner of Lahore Division, and the D.I.G. of Police, Central Range, also reached Nankana along with 100 British and 100 Indian troops. Mahant Narain Das, with two of his henchmen and 26 Pathans, was arrested and sent to Lahore, but a large number of hooligans succeeded in escaping. The Gurdwara Janam Asthan was placed under military guard.

The tragedy greatly perturbed the Sikhs in different parts of the country who vehemently condemned the action of the Mahant and sent messages of sympathy for the Akali martyrs. Resolutions were passed everywhere demanding the death penalty for the Mahant and his associates. The native press was unanimous in its attack on the Mahant. Even papers opposed to the Akali leadership condemned 'the cruel and savage deed of the Nankana Mahant' and sympathised with the families of the Nankana martyrs. National leaders like Mahatma Gandhi, Maulana Shaukat Ali, Dr. Kitchlew, Lala Duni Chand and Lala Lajpat Rai visited the scene of the tragedy and expressed sympathy for the Akalis. Prominent Sikh leaders, Members of the Panjab Legislative Council, the Sikh League, the Chief Khalsa Diwan and other Sikh organisations reached the spot. In a big Shahidi Diwan held at Nankana on 3 March 1921, Jathedar Kartar Singh Jhabbar, who had played a prominent role in taking over the keys of the Janam Asthan from the Deputy Commissioner, narrated the incident in brief and pointed out that 'the happening had awakened the Sikhs from their slumber and the march towards Swaraj had been quickened'. Maulana Shaukat Ali, after making a reference to the days of martial law and the horrors perpetrated by the Government, pointed out 'how futile it was to expect justice from such a Government'. In the course of his speech, he also held the Government responsible for the mischief and rebuked the Pathans for having helped the Mahant in this crime.

Mahatma Gandhi visited Nankana on 3 March to express his sympathy for the Akali Sikhs. In a Shahidi Diwan arranged on the same day, the Mahatma made a brief speech in Hindustani in the course of which he said that 'the news of Nankana was so staggering that they would not believe it without confirmation'. Condemning the cruel deed of the Mahant and commending the Akalis for their passive sufferings, he described the martyrdom of the Akali reformers as an 'act of national bravery'. He also denounced the foreign Government whose rule, he said, 'was based on devilish tricks'. Later, in a message to the Sikhs in Lahore, while comparing the tragedy of Nankana to a similar one in April 1919 at the Jallianwala Bagh, Amritsar, the Mahatma said, 'Everything I saw and heard points to a second edition of Dyerism, more barbarous, more calculated and more fiendish than the Dyerism of Jallianwala.' The Mahatma also advised the Akalis to offer non-cooperation in the matter of official enquiry in the Nankana tragedy and consented to serve as Chairman of the non-official Commission of Enquiry set up by the Sikh League, provided the Sikhs adopted a formal resolution affirming non-cooperation and agreed not to take recourse to the British law-courts for getting the murderers punished.

The Nankana tragedy and the inaction of the local officials and indirect responsibility of the local Government made the higher authorities in Delhi and London think that there was an urgent need to change the earlier 'policy of non-interference in the religious affairs of the minority community'. The Government of India's criticism that 'the difficulty was largely the failure of the Panjab Government to deal with the Akali Movement firmly and consistently from the beginning', provided the authorities in the Panjab with the much-needed handle to initiate the new policy of (i) weakening the growing Akali agitation with promises of 'suitable legislation' and (ii) suppressing the extremists in the Akali leadership under the pretext of maintaining law and order. It was the implementation of this new policy which resulted in direct confrontation between the bureaucracy, supported by the Mahants, priests and other vested interests on the one hand and the Sikh masses and Akali leadership backed by the Indian National Congress and other nationalist forces in the country on the other.

* Director, Bhai Vir Singh Sahitya Sadan, New Delhi

---

**The Nankana Sahib Massacre**

of influence accompanied His Excellency to the sacred Gurdwara. His Excellency saw the place of massacre very carefully and sympathetically.

Here we may also mention a touching incident that took place at the time of the visit of Sir Edward Maclagan. A very old woman came before His Excellency and said, "My child, my four sons and a grandson have been massacred. I request you for justice". Uttering these words, the old lady felt down senseless.

The Sikhs had by this time assembled in thousands. They suspected some intrigue behind the holocaust of the innocent and non-violent Sikhs, and some of them openly expressed this view to the Governor. But His Excellency kept calm and composed showing every sympathy with the Sikhs. He assured the Sikhs assembled there that the Government would leave no stone unturned in chastising the murderers and giving full relief to the Sikh community. After this Sir Edward Maclagan returned to Lahore.

Two days after the blood curdling event, the *sangat* was permitted to visit the spot when tens of thousands of men and women, Sikhs and others, poured into Nankana Sahib. The martyred Sikhs were cremated all together by the half-burnt bodies being thrown into huge iron *Angitha.*

- Reproduced from *Struggle for Reform in Sikh Shrines*

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਭਾਈ ਲਛਮਣ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਸਥਾਪਤ



ਗੁਰਦੁਆਰਾ ਨਨਕਾਣਾ ਸਾਹਿਬ ਨੂੰ ਉਸਤੇ ਕਾਬਜ਼ ਮਹੰਤ ਨਰਾਇਣ ਦਾਸ ਅਤੇ ਉਸਦੇ ਸਾਥੀਆਂ ਤੋਂ ਆਜ਼ਾਦ ਕਰਵਾਉਣ ਲਈ ਸ਼ਹੀਦ ਹੋਏ ਭਾਈ ਲਛਮਣ ਸਿੰਘ ਧਾਰੋਵਾਲੀ ਦੀ ਤਸਵੀਰ ਨਨਕਾਣਾ ਸਾਹਿਬ ਸਾਕੇ ਦੀ ਸ਼ਤਾਬਦੀ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕੇਂਦਰੀ ਸਿੱਖ ਅਜਾਇਬਘਰ ਵਿਖੇ ਲਾਈ ਗਈ। ਉਨ੍ਹਾਂ ਦੀ ਤਸਵੀਰ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਹੋਰਾਂ ਨੇ ਪਰਦਾ ਹਟਾਇਆ। 20 ਫ਼ਰਵਰੀ 1921 ਨੂੰ ਵਾਪਰੇ ਇਸ ਸਾਕੇ'ਚ ਭਾਈ ਲਛਮਣ ਸਿੰਘ ਨੂੰ ਜੰਡ ਨਾਲ ਬੰਨ੍ਹ ਕੇ ਜ਼ਿੰਦਾ ਸਾੜ ਦਿੱਤਾ ਗਿਆ ਸੀ। ਉਹਨਾਂ ਦੀ ਸ਼ਾਂਤਮਈ ਅਤੇ ਸਾਹਸ ਭਰੀ ਕੁਰਬਾਨੀ ਨੂੰ ਯਾਦ ਕਰਦਿਆਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸ਼ਤਾਬਦੀ ਮੌਕੇ ਸਮਾਗਮ ਰੱਖੇ ਗਏ ਹਨ। ਭਾਰਤ ਵਿਚ ਇਸ ਸਬੰਧੀ ਮੁੱਖ ਸਮਾਗਮ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਧਾਰੋਵਾਲੀ, ਜਿੱਥੋਂ ਦੇ ਭਾਈ ਲਛਮਣ ਸਿੰਘ ਵਸਨੀਕ ਸਨ, ਵਿਖੇ ਹੋਣਗੇ। ਕੇਂਦਰੀ ਸਿੱਖ ਅਜਾਇਬਘਰ'ਚ ਤਸਵੀਰ ਲਾਉਣ ਮੌਕੇ ਭਾਈ ਲਛਮਣ ਸਿੰਘ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ ਅਤੇ ਉਹਨਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਜੋਸ਼ੀ ਮੱਠ 'ਚ ਫਸੇ ਲੋਕਾਂ ਦੀ ਮਦਦ ਲਈ ਬਹੁੜੇ ਸਿੱਖ

ਉਤਰਾਂਚਲ'ਚ ਜੋਸ਼ੀ ਮੱਠ ਨੇੜੇ ਬਰਫ਼ ਖਿਸਕਣ ਨਾਲ ਆਏ ਹੜ੍ਹ ਕਾਰਨ ਸੰਕਟ'ਚ ਫਸੇ ਲੋਕਾਂ ਨੂੰ ਸ੍ਰੀ ਹੇਮਕੁੰਟ ਸਾਹਿਬ ਟਰਸਟ ਵਲੋਂ ਲੰਗਰ ਅਤੇ ਰਿਹਾਇਸ਼ ਮੁਹੱਈਆ ਕਰਵਾ ਕੇ ਮਨੁੱਖਤਾ ਦੀ ਸੇਵਾ ਕੀਤੀ ਜਾ ਰਹੀ ਹੈ। ਸੰਕਟ'ਚ ਫਸੇ ਲੋਕਾਂ ਨੂੰ ਬਚਾਉਣ ਲਈ ਮਦਦ ਵਾਸਤੇ ਆਏ ਐਨਡੀਆਰਐਫ, ਐਸਡੀਆਰਐਫ ਅਤੇ ਪੀਏਸੀ ਦੀਆਂ ਬਟਾਲੀਅਨਾਂ ਦੇ ਜਵਾਨਾਂ ਨੂੰ ਰਹਿਣ ਲਈ ਗੁਰਦੁਆਰਾ ਜੋਸ਼ੀ ਮੱਠ ਵਿਚ ਰਿਹਾਇਸ਼ ਅਤੇ ਤਿੰਨ ਸਮੇਂ ਦਾ ਲੰਗਰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਜੋਸ਼ੀ ਮੱਠ ਸਥਿਤ ਗੁਰਦੁਆਰੇ ਵਿਚ ਬਚਾਅ ਦਲ ਨਾਲ ਸੰਬੰਧਤ 230 ਕਰਮਚਾਰੀ 8 ਫਰਵਰੀ ਤੋਂ ਇਥੇ ਠਹਿਰੇ ਹੋਏ ਹਨ। ਇਸ ਤੋਂ ਇਲਾਵਾ ਲਾਪਤਾ ਵਿਅਕਤੀਆਂ ਦੇ ਪਰਿਵਾਰਾਂ ਨੂੰ ਵੀ ਲੰਗਰ ਅਤੇ ਰਿਹਾਇਸ਼ ਮੁਹੱਈਆ ਕਰਵਾਈ ਗਈ ਹੈ। ਇਸ ਬਾਰੇ ਗੁਰਦੁਆਰਾ ਕਮੇਟੀ ਦਾ ਕਹਿਣਾ ਹੈ ਕਿਸੇ ਵੀ ਸੰਕਟ ਵੇਲੇ ਗੁਰੂ ਘਰ ਵਲੋਂ ਮਨੁੱਖਤਾ ਦੀ ਸੇਵਾ ਬਿਨਾ ਕਿਸੇ ਵਿਤਕਰੇ ਤੋਂ ਕੀਤੀ ਜਾਂਦੀ ਹੈ ਤੇ ਹਮੇਸ਼ਾ ਸਰਬਤ ਦਾ ਭਲਾ ਮੰਗਿਆ ਜਾਂਦਾ ਹੈ।

## ਸਰਬੰਸ ਕੌਰ – ਪਹਿਲਾ ਦਸਤਾਰਧਾਰੀ ਸਿੱਖ ਰੋਬੋਟ



'ਸਰਬੰਸ ਕੌਰ' ਪਹਿਲੀ ਦਸਤਾਰਧਾਰੀ ਸਿੱਖ ਰੋਬੋਟ ਹੈ ਜਿਹੜੀ ਪੰਜਾਬੀ ਬੋਲ ਅਤੇ ਸਮਝ ਸਕਦੀ ਹੈ। ਇਸਨੂੰ ਜਲੰਧਰ ਆਧਾਰਿਤ ਸਾਫਟਵੇਅਰ ਪ੍ਰੋਗਰਾਮ ਅਤੇ ਕੰਪਿਊਟਰ ਟੀਚਰ ਹਰਜੀਤ ਸਿੰਘ ਨੇ ਤਿਆਰ ਕੀਤਾ ਹੈ। ਇਹ ਰੋਬੋਟ ਬਨਾਉਟੀ ਸੂਝ-ਸਮਝ, ਸੰਚਾਰ ਅਤੇ ਡਾਟਾਬੇਸ ਦੀ ਮਦਦ ਨਾਲ ਕੰਮ ਕਰਦਾ ਹੈ। ਹਰਜੀਤ ਸਿੰਘ ਅਨੁਸਾਰ ਇਸ ਰੋਬੋਟ ਨੂੰ ਬਣਾਉਣ ਦਾ ਮਕਸਦ ਪੰਜਾਬੀ ਦੀ ਸੇਵਾ ਕਰਨਾ ਅਤੇ ਸੰਸਾਰੀਕਰਨ ਦੇ ਪਿੜ 'ਚ ਇਸਨੂੰ ਜ਼ਿੰਦਾ ਰੱਖਣਾ ਹੈ।

❖ ❖ ❖ ❖